# ਪੌਲੁਸ ਰਸੂਲ ਦੀ ਪੱਤ੍ਰੀ
## ਗਲਾਤੀਆਂ ਨੂੰ
### ਫ੍ਰੈਂਕਲਿਨ ਵੱਲੋਂ ਤਿਆਰ ਕੀਤਾ ਗਿਆ ਅਧਿਐਨ

## I. ਜਾਣ-ਪਛਾਣ

ਪੌਲੁਸ ਵੱਲੋਂ ਗਲਾਤੀਆਂ ਨੂੰ ਲਿਖੀ ਗਈ ਇਸ ਪੱਤ੍ਰੀ ਵਿੱਚ ਮਸੀਹਤ ਬਾਰੇ ਉਨ੍ਹਾਂ ਦੀ ਖੋਖਲੀ ਸਮਝ ਅਤੇ ਅਸਲ ਵਿੱਚ ਖੁਸ਼ਖ਼ਬਰੀ ਕੀ ਆਖ ਰਹੀ ਹੈ ਇਸ ਬਾਰੇ ਗੱਲ ਕੀਤੀ ਗਈ ਹੈ। ਇਸੇ ਕਰਕੇ ਖੁਸ਼ਖ਼ਬਰੀ ਬਾਰੇ ਸਾਡੀ ਸਮਝ ਨੂੰ ਹੋਰ ਜ਼ਿਆਦਾ ਸਪਸ਼ਟ ਕਰਨ ਲਈ ਇਹ ਇੱਕ ਬਹੁਤ ਹੀ ਵਧੀਆ ਅਧਿਐਨ ਹੈ।

ਗਲਾਤੀਆਂ ਦੀ ਪੱਤ੍ਰੀ ਨੇ ਹੀ ਮਾਰਟਿਨ ਲੂਥਰ ਨੂੰ ਕਾਇਲ ਕੀਤਾ ਕਿ ਅਸੀਂ **ਕੇਵਲ ਨਿਹਚਾ ਦੁਆਰਾ ਬਚਾਏ ਜਾਂਦੇ** ਹਾਂ। ਮੈਥੋਡਿਸਟ ਦੇ ਸੰਸਥਾਪਕ ਜੌਨ ਵੈਸਲੀ ਨੂੰ ਗਲਾਤੀਆਂ ਦੀ ਪੱਤ੍ਰੀ ਉੱਤੇ ਮਾਰਟਿਨ ਲੂਥਰ ਦੀ ਲਿਖੀ ਕਮੈਂਟਰੀ ਨੂੰ ਪੜ੍ਹ ਕੇ ਹੀ ਖੁਸ਼ਖ਼ਬਰੀ ਦੀ ਸਮਝ ਆਈ।

ਗਲਾਤੀਆਂ ਦੀ ਪੱਤ੍ਰੀ ਦੀ ਇਸ ਗੱਲ ਲਈ ਪ੍ਰਸਿੱਧ ਹੈ ਕਿ ਇਹ ਸਾਫ਼-ਸਾਫ਼ ਦੱਸਦੀ ਹੈ ਕਿ ਹੁਣ ਸ਼ਰਾ ਦੇ ਥਾਂ ਸਾਨੂੰ ਆਤਮਾ ਦੇ ਦੁਆਰਾ ਚੱਲਣਾ ਅਤੇ ਜੀਉਣਾ ਅਤੇ ਆਤਮਾ ਦਾ ਫਲ ਪੈਦਾ ਕਰਨਾ ਜ਼ਰੂਰੀ ਹੈ। ਇਹ ਬਹੁਤ ਹੀ ਮਹੱਤਵਪੂਰਣ ਪੱਤ੍ਰੀ ਹੈ ਜਿਸ ਨੂੰ ਹਰੇਕ ਵਿਸ਼ਵਾਸੀ ਨੂੰ ਸਾਫ਼-ਸਾਫ਼ ਸਮਝਣਾ ਬਹੁਤ ਜ਼ਰੂਰੀ ਹੈ। ਯਾਦ ਰੱਖੋ: "ਏਸ ਲਈ ਮੇਰੀ ਪਰਜਾ ਬੇਸਮਝੀ ਦੇ ਕਾਰਨ ਅਸੀਰੀ ਵਿੱਚ ਜਾਂਦੀ ਹੈ।" ਯਸਾਯਾਹ 5:13

..........................................................................................................................................

**ਗਲਾਤੀਆਂ 1:1-2** ਲਿਖਤੁਮ ਪੌਲੁਸ ਜਿਹੜਾ ਰਸੂਲ ਹਾਂ, ਮਨੁੱਖਾਂ ਦੀ **ਵਲੋਂ** ਨਹੀਂ, ਨਾ ਕਿਸੇ ਦੇ ਰਾਹੀਂ ਸਗੋਂ ਯਿਸੂ ਮਸੀਹ ਦੇ ਅਤੇ ਪਿਤਾ ਪਰਮੇਸ਼ੁਰ ਦੇ ਰਾਹੀਂ ਜਿਹ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ। (2) ਅਤੇ ਓਹ ਸਭ ਭਰਾ ਜਿਹੜੇ ਮੇਰੇ ਨਾਲ ਹਨ। ਅੱਗੇ ਜੋਗ ਗਲਾਤਿਯਾ ਦੀਆਂ ਕਲੀਸਿਯਾਂ ਨੂੰ।

ਪੌਲੁਸ ਨੇ ਬਹੁਤ ਸਾਰੇ ਗਲਾਤੀਆਂ ਨੂੰ ਮਸੀਹ ਵਿੱਚ ਲਿਆਂਦਾ ਸੀ ਅਤੇ ਆਪਣੀਆਂ ਬਾਦ ਦੀਆਂ ਸੇਵਕਾਈ ਯਾਤਰਾਵਾਂ ਦੌਰਾਨ ਉਨ੍ਹਾਂ ਨੂੰ ਸਿਖਾਇਆ ਸੀ। ਪਰ ਹੁਣ ਪੌਲੁਸ ਦੇ ਸੁਣਨ ਵਿੱਚ ਆਇਆ ਸੀ ਕਿ ਕੁਝ ਯਹੂਦੀ-ਮਸੀਹੀਆਂ ਨੇ ਉੱਥੇ ਆਣ ਕੇ ਇਨ੍ਹਾਂ ਗਲਾਤੀ ਮਸੀਹੀਆਂ ਨੂੰ ਇਹ ਸਿਖਾਉਣਾ ਸ਼ੁਰੂ ਕਰ ਦਿੱਤਾ ਸੀ ਕਿ ਜਦੋਂ ਤੱਕ ਉਹ ਆਪਣੀ ਸੁੰਨਤ ਨਹੀਂ ਕਰਾਉਂਦੇ ਅਤੇ ਮੂਸਾ ਦੀ ਸ਼ਰਾ ਨੂੰ ਨਹੀਂ ਮੰਨਦੇ **ਉੰਨਾ ਚਿਰ ਉਹ ਮੁਕਤੀ ਨਹੀਂ ਪਾ ਸਕਦੇ**।

ਇਨ੍ਹਾਂ ਝੂਠੇ ਨਬੀਆਂ ਨੇ ਪੌਲੁਸ ਦੀ ਸਿੱਖਿਆ ਅਤੇ ਉਸ ਦੇ ਇਖ਼ਤਿਆਰ ਦੇ ਵਿਰੁੱਧ ਵੀ ਗੱਲਾਂ ਕੀਤੀਆਂ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਨਵੇਂ ਵਿਸ਼ਵਾਸੀ ਦੁਚਿੱਤੀ ਵਿੱਚ ਸਨ ਅਤੇ **ਮਸੀਹ ਤੇ ਵਿਸ਼ਵਾਸ ਕਰਨਾ ਛੱਡ ਕੇ ਮੁੜ ਸ਼ਰਾ ਨੂੰ ਮੰਨਣ ਵੱਲ** ਤੁਰਨ ਵਾਲੇ ਸਨ।

ਸੋ ਇਸੇ ਕਰਕੇ ਪੌਲੁਸ ਪੱਤ੍ਰੀ ਨੂੰ ਲਿਖਦੇ ਹੋਏ ਇਸ ਗੱਲ ਤੇ ਜ਼ੋਰ ਦਿੰਦਾ ਹੋਇਆ ਸ਼ੁਰੂਆਤ ਕਰਦਾ ਹੈ ਕਿ ਰਸੂਲ ਹੋਣ ਦਾ ਉਸ ਦਾ ਇਖ਼ਤਿਆਰ ਉਸ ਨੂੰ ਉੱਪਰੋਂ ਮਿਲਿਆ ਹੈ ਅਤੇ ਉਸ ਨੂੰ ਸੇਵਾ ਲਈ ਭੇਜਣ ਵਾਲਾ ਅਸਲੀ ਸ੍ਰੋਤ, ਸਰਬਸ਼ਕਤੀਮਾਨ ਪ੍ਰਭੂ ਪਰਮੇਸ਼ੁਰ ਆਪ ਹੈ - **ਮਨੁੱਖਾਂ ਦੀ ਵਲੋਂ ਨਹੀਂ**, ਨਾ ਕਿਸੇ ਦੇ ਰਾਹੀਂ **ਸਗੋਂ ਯਿਸੂ ਮਸੀਹ ਦੇ ਅਤੇ ਪਿਤਾ ਪਰਮੇਸ਼ੁਰ ਦੇ ਰਾਹੀਂ** (ਵੇਖੋ ਰਸੂਲਾਂ ਦੇ ਕਰਤਬ 9:1-22)।

-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-.-

**ਗਲਾਤੀਆਂ 1:3-5** ਤੁਹਾਨੂੰ ਕਿਰਪਾ ਅਤੇ ਸ਼ਾਂਤੀ ਪਿਤਾ ਪਰਮੇਸ਼ੁਰ ਦੀ ਅਤੇ ਸਾਡੇ ਪ੍ਰਭੁ ਯਿਸੂ ਮਸੀਹ ਦੀ ਵੱਲੋਂ ਮਿਲਦੀ ਰਹੇ। 4 ਜਿਹ ਨੇ ਸਾਡਿਆਂ ਪਾਪਾਂ ਦੇ ਕਾਰਨ ਆਪਣੇ ਆਪ ਨੂੰ ਦੇ ਦਿੱਤਾ ਭਈ ਸਾਡੇ ਪਰਮੇਸ਼ੁਰ ਅਤੇ ਪਿਤਾ ਦੀ ਇੱਛਿਆ ਦੇ ਅਨੁਸਾਰ ਸਾਨੂੰ ਇਸ ਵਰਤਮਾਨ ਬੁਰੇ ਜੁੱਗ ਤੋਂ ਬਚਾ ਲਵੇ। 5 ਉਹ ਦੀ ਵਡਿਆਈ ਜੁੱਗੋ ਜੁੱਗ ਹੋਵੇ। ਆਮੀਨ।

ਆਤਮਾ ਵੱਲੋਂ ਪ੍ਰੇਰਿਤ, ਇਹ ਹੈ ਸੰਖੇਪ ਪਰ ਸੰਪੂਰਣ ਵਰਣਨ ਮੁਕਤੀ ਦੇ ਉਸ ਕੰਮ ਦਾ ਜੋ ਪਿਤਾ ਪਰਮੇਸ਼ੁਰ ਅਤੇ ਪੁੱਤਰ ਪਰਮੇਸ਼ੁਰ ਨੇ ਕੀਤਾ ਹੈ।

- ਕੰਮ: **ਸਾਡਿਆਂ ਪਾਪਾਂ ਦੇ ਕਾਰਨ ਆਪਣੇ ਆਪ ਨੂੰ ਦੇ ਦਿੱਤਾ** ਧੰਨਵਾਦ ਯਿਸੂ !
- ਉਦੇਸ਼: **ਸਾਨੂੰ ਬਚਾ ਲਵੇ** ਧੰਨਵਾਦ ਯਿਸੂ !
- ਸਮੱਸਿਆ: **ਇਸ ਵਰਤਮਾਨ ਬੁਰੇ ਜੁੱਗ ਤੋਂ** ਧੰਨਵਾਦ ਯਿਸੂ !

ਅਤੇ ਕੇਵਲ ਇਹੋ ਹੈ ਜਿਸ ਨੂੰ ਸਮਝਣ ਅਤੇ ਵਿਸ਼ਵਾਸ ਕਰਨ ਨਾਲ ਇਹ ਹੋ ਸਕਦਾ ਹੈ ਕਿ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਪਿਤਾ ਪਰਮੇਸ਼ੁਰ ਦੀ ਅਤੇ ਸਾਡੇ ਪ੍ਰਭੁ ਯਿਸੂ ਮਸੀਹ ਦੀ ਵੱਲੋਂ ਮਿਲਦੀ ਰਹੇ।
ਇੰਨਾ ਪਿਆਰ ਪਰਮੇਸ਼ੁਰ ਸਾਡੇ ਨਾਲ ਕਰਦਾ ਹੈ . . . ਇਸ ਬਾਰੇ ਗੰਭੀਰਤਾ ਨਾਲ ਸੋਚੋ . . . ਬਾਰ-ਬਾਰ ਸੋਚੋ . . .

## II. ਖੁਸ਼ਖ਼ਬਰੀ ਦਾ ਵਿਗਾੜ

ਗਲਾਤੀਆਂ 1:6-10 ਮੈਂ ਅਚਰਜ ਹੁੰਦਾ ਹਾਂ ਜੋ ਤੁਸੀਂ **ਉਸ ਤੋਂ** ਜਿਹ ਨੇ ਮਸੀਹ ਦੀ ਕਿਰਪਾ ਵਿੱਚ **ਤੁਹਾਨੂੰ ਸੱਦਿਆ** ਐਨੀ ਛੇਤੀ ਹੋਰ ਕਿਸੇ **ਖੁਸ਼ ਖਬਰੀ** ਦੀ ਵੱਲ **ਝੁੱਕਦੇ ਜਾਂਦੇ** ਹੋ।

- **ਉਸ ਤੋਂ ਹੋਰ ਕਿਸੇ ਖੁਸ਼ਖ਼ਬਰੀ ਵੱਲ ਝੁੱਕਦੇ ਜਾਂਦੇ ਹੋ** ਦਾ ਸਿੱਧਾ ਜਿਹਾ ਅਰਥ ਹੈ, **ਉਸ "ਤੋਂ ਬੇਮੁੱਖ ਹੋਣਾ**।" **ਮੁਕਤੀਦਾਤੇ ਯਿਸੂ ਮਸੀਹ** ਤੋਂ **ਬੇਮੁੱਖ ਹੋਣਾ ਬਹੁਤ ਗੰਭੀਰ ਗੱਲ** ਹੈ।

- ਮਸੀਹ ਦੀ **ਕਿਰਪਾ** ਵਿੱਚ **ਤੁਹਾਨੂੰ ਸੱਦਿਆ** (ਵੇਖੋ ਰੋਮੀਆਂ 8:28-30) – ਸਾਨੂੰ ਸੱਦਾ **ਕੇਵਲ** ਉਸ ਦੀ ਕਿਰਪਾ ਅਤੇ ਉਸ ਕੰਮ ਕਰਕੇ ਦਿੱਤਾ ਜਾਂਦਾ ਹੈ ਜੋ ਯਿਸੂ ਮਸੀਹ ਨੇ ਸਾਡੇ ਲਈ ਕੀਤਾ ਹੈ, **ਨਾ ਕਿ ਸਾਡੇ ਵੱਲੋਂ ਕੀਤੇ ਗਏ** ਕਿਸੇ ਕੰਮ ਦੇ ਕਾਰਨ।

- **ਹੋਰ ਕਿਸੇ** ਖੁਸ਼ਖ਼ਬਰੀ ਵੱਲ – ਹੋਰ ਕਿਸੇ ਲਈ ਜੋ ਯੂਨਾਨੀ ਸ਼ਬਦ ਹੈ ਉਹ ਹੈ "**ਹੇਟੇਰੋਸ**" ਜਿਸ ਦਾ ਅਰਥ ਹੈ "**ਕਿਸੇ ਹੋਰ** ਕਿਸਮ ਦਾ।"

(7) **ਪਰ ਉਹ ਤਾਂ ਦੂਜੀ ਖੁਸ਼ ਖਬਰੀ ਨਹੀਂ; ਹੋਰ ਕੋਈ ਖੁਸ਼ਖ਼ਬਰੀ ਨਹੀਂ ਹੈ**। ਖੁਸ਼ਖ਼ਬਰੀ ਦਾ ਅਰਥ ਹੈ "**ਖੁਸ਼ੀ ਦੀ ਖ਼ਬਰ**" ਅਤੇ ਜਿਸ ਚੀਜ਼ ਵੱਲ ਉਹ ਫਿਰ ਰਹੇ ਹਨ ਉਹ **ਖੁਸ਼ੀ ਦੀ ਖ਼ਬਰ ਨਹੀਂ**, ਬਲਕਿ **ਦੁਖ ਦੀ ਖ਼ਬਰ** ਹੈ। ਉਨ੍ਹਾਂ ਨੂੰ ਇਹ ਸਿਖਾਇਆ ਜਾ ਰਿਹਾ ਸੀ ਕਿ ਜੇਕਰ ਤੁਸੀਂ ਸ਼ਰਾ ਦੀ ਪਾਲਣਾ ਕਰੋਗੇ ਤਾਂ ਤੁਸੀਂ ਧਰਮੀ ਗਿਣੇ ਜਾਓਗੇ। ਜਿਵੇਂ ਕਿ ਅਸੀਂ ਵੇਖਾਂਗੇ, ਅਜਿਹੀ ਸਿੱਖਿਆ ਦੇਣ ਵਾਲਿਆਂ ਦਾ ਕਹਿਣਾ ਇਹ ਸੀ ਕਿ ਮਨੁੱਖ ਕਿਰਪਾ ਦੇ ਰਾਹੀਂ ਨਹੀਂ ਬਚਾਇਆ ਜਾਂਦਾ ਅਤੇ ਉਸ ਨੂੰ ਸੁੰਨਤ ਕਰਾਉਣੀ ਅਤੇ ਸ਼ਰਾ ਨੂੰ ਮੰਨਣਾ ਜ਼ਰੂਰੀ ਹੈ। ਇਹ ਤਾਂ ਸੱਚਮੁੱਚ ਬੁਰੀ ਖ਼ਬਰ ਹੈ ਕਿਉਂਕਿ ਕੋਈ ਵੀ ਸ਼ਰਾ ਦੀ ਪਾਲਣਾ ਨਹੀਂ ਕਰ ਸਕਦਾ। ਸ਼ਰਾ ਦਾ ਉਦੇਸ਼ ਕੇਵਲ ਸਾਨੂੰ ਇਹ ਵਿਖਾਉਣਾ ਸੀ ਕਿ ਅਸੀਂ ਪਾਪੀ ਹਾਂ (ਰੋਮੀਆਂ 3:19-20; 7:5, 7, 9)

ਪਰੰਤੂ ਕਈਕੁ ਹਨ ਜਿਹੜੇ ਤੁਹਾਨੂੰ **ਘਬਰਾਉਂਦੇ** (ਜਾਂ ਉਲਝਣ ਵਿੱਚ ਪਾਉਂਦੇ) ਅਤੇ ਮਸੀਹ ਦੀ ਖੁਸ਼ ਖਬਰੀ ਨੂੰ ***ਵਿਗਾੜਨਾ*** (ਬਦਲਨਾ ਜਾਂ ਦੂਸ਼ਿਤ ਕਰਨਾ) ਚਾਹੁੰਦੇ ਹਨ।

- ਅੱਜ ਕਿੰਨੇ ਲੋਕ ਹਨ ਜੋ ਦੁਬਿਧਾ ਵਿੱਚ ਹਨ ਅਤੇ ਵਿਗੜੀ ਖੁਸ਼ਖ਼ਬਰੀ ਉੱਤੇ ਵਿਸ਼ਵਾਸ ਕਰਦੇ ਹਨ।?
- ਅੱਜ "ਵਿਗੜੀ ਖੁਸ਼ਖ਼ਬਰੀ" ਦੀ ਕਿਹੜੀ ਮਿਸਾਲ ਵਿਖਾਈ ਦਿੰਦੀ ਹੈ?

ਸੱਚ ਸਿਖਾਉਣਾ – ਸੱਚੀ ਖੁਸ਼ਖ਼ਬਰੀ ਸਿਖਾਉਣਾ – ਬਹੁਤ ਹੀ ਮਹੱਤਵਪੂਰਣ ਹੈ।

ਪੌਲੁਸ ਖੁਸ਼ਖ਼ਬਰੀ ਨੂੰ ਵਿਗਾੜਨ ਵਾਲੇ ਹਰ ਵਿਅਕਤੀ ਨੂੰ ਬਹੁਤ ਸਖ਼ਤ ਚਿਤਾਵਨੀ ਦਿੰਦਾ ਹੈ:

(8) ਪਰ ਜੇਕਰ ਅਸੀਂ ਵੀ ਯਾ ਸੁਰਗ ਤੋਂ ਕੋਈ ਦੂਤ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ **ਕੋਈ ਹੋਰ** ਖੁਸ਼ ਖਬਰੀ ਤੁਹਾਨੂੰ ਸੁਣਾਵੇ ਤਾਂ ਉਹ **ਸਰਾਪਤ ਹੋਵੇ** ! (9) ਜਿੱਕੁਰ ਅਸਾਂ ਅੱਗੇ ਕਿਹਾ ਹੈ ਤਿੱਕੁਰ ਮੈਂ ਹੁਣ **ਫੇਰ ਵੀ ਆਖਦਾ ਹਾਂ** ਭਈ ਜੇ ਕੋਈ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਤੁਸਾਂ ਕਬੂਲ ਕੀਤੀ ਤੁਹਾਨੂੰ ਕੋਈ ਹੋਰ ਖੁਸ਼ ਖਬਰੀ ਸੁਣਾਵੇ ਤਾਂ ਉਹ **ਸਰਾਪਤ ਹੋਵੇ** !

- "ਕਿਸੇ ਹੋਰ ਖੁਸ਼ਖ਼ਬਰੀ" ਦੇ ਖ਼ਤਰੇ ਬਾਰੇ ਗੱਲ ਕਰਦੇ ਹੋਏ ਪੌਲੁਸ ਦੀ ਅਵਾਜ਼ ਵਿੱਚ ਇੱਕ ਤਲਖੀ, ਗੁੱਸਾ ਅਤੇ ਇਖ਼ਤਿਆਰ ਵਿਖਾਈ ਦਿੰਦਾ ਹੈ। ਉਹ ਆਖਦਾ ਹੈ ਕਿ ਵਿਗਾੜੀ ਹੋਈ ਖੁਸ਼ਖ਼ਬਰੀ ਸੁਣਾਉਣ ਵਾਲਾ ਮਨੁੱਖ "ਸਰਾਪਤ" ਹੋਵੇ, ਜਿਸ ਦਾ ਅਰਥ ਹੈ: ਉਹ ਕਲੀਸਿਆ ਅਤੇ ਸੰਗਤੀ ਵਿੱਚੋਂ ਕੱਢਿਆ ਜਾਵੇ।

- ਪ੍ਰਸ਼ਨ: ਪੌਲੁਸ ਇੱਥੇ ਇੰਨਾ ਤਲਖ ਕਿਉਂ ਹੈ? ਉਹ ਇੰਨੀ ਸਖ਼ਤਾਈ ਅਤੇ ਗੁੱਸੇ ਨਾਲ ਕਿਉਂ ਬੋਲ ਰਿਹਾ ਹੈ?

- ਉੱਤਰ: ਇਸ ਗੱਲ ਦੀ ਗੰਭੀਰਤਾ ਅਤੇ ਗਹਿਰਾਈ ਨੂੰ ਇਸ ਆਇਤ ਤੋਂ ਸਮਝਿਆ ਜਾ ਸਕਦਾ ਹੈ: ਗਲਾਤੀਆਂ 3:13
  ਮਸੀਹ ਨੇ ਸਾਨੂੰ ਮੁੱਲ ਲੈ ਕੇ **ਸ਼ਰਾ ਦੇ ਸਰਾਪ** ਤੋਂ ਛੁਡਾਇਆ ਇਸ ਕਰਕੇ ਜੋ ਉਹ **ਸਾਡੇ ਲਈ ਸਰਾਪ** ਬਣਿਆ।
  - ਸ਼ਰਾ ਦੇ ਅਧੀਨ ਰਹਿਣ ਨਾਲ ਮੁਕਤੀ ਨਹੀਂ ਬਲਕਿ ਸਰਾਪ ਮਿਲਦਾ ਹੈ – **ਸ਼ਰਾ ਦਾ ਸਰਾਪ**।
  - ਯਿਸੂ **ਸਾਡੇ ਲਈ ਸਰਾਪ** ਬਣ ਗਿਆ **ਤਾਂ ਜੋ** ਉਹ ਸਾਨੂੰ **ਸ਼ਰਾ ਦੇ ਸਰਾਪ** ਤੋਂ ਛੁਡਾਵੇ।
  - ਸੋ ਜੇਕਰ ਅਸੀਂ ਸ਼ਰਾ ਨੂੰ ਮੁਕਤੀ ਦਾ ਵਸੀਲਾ ਮੰਨ ਕੇ ਇਸ ਵੱਲ ਵਾਪਸ ਮੁੜਦੇ ਹਾਂ ਤਾਂ ਯਿਸੂ ਨੇ ਸਲੀਬ ਉੱਤੇ ਸਾਡੇ ਲਈ ਜੋ ਕੀਤਾ ਹੈ ਉਸ ਨੂੰ ਠੋਕਰ ਮਾਰਦੇ ਹਾਂ ਅਤੇ **ਸ਼ਰਾ ਦਾ ਸਰਾਪ** ਸਾਡੇ ਉੱਤੇ ਬਣਿਆ ਰਹਿੰਦਾ ਹੈ। ਜਿਸ ਦਾ ਮਤਲਬ ਹੈ: **ਮੁਕਤੀ ਲਈ ਆਪਣੇ ਆਪ ਤੇ ਭਰੋਸਾ ਕਰਨਾ**, ਨਾ ਕਿ ਉਸ ਤੇ ਜੋ ਯਿਸੂ ਨੇ ਸਾਡੇ ਲਈ ਕੀਤਾ।

(10) ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ੁਰ ਨੂੰ ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ।

- ਪੌਲੁਸ ਮਨੁੱਖਾਂ ਨੂੰ ਰਿਝਾਉਣ ਲਈ ਇਸ ਤਰ੍ਹਾਂ ਦੀਆਂ ਸਖ਼ਤ ਅਤੇ ਦੋਸ਼ੀ ਠਹਿਰਾਉਣ ਵਾਲੀਆਂ ਗੱਲਾਂ ਨਹੀਂ ਕਰ ਰਿਹਾ। ਉਹ ਇਹ ਆਖ ਕੇ ਮਨੁੱਖਾਂ ਨੂੰ ਮਨਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਕਿ "ਸਭ ਠੀਕ ਹੈ," ਜਿਵੇਂ ਕਿ ਅੱਜ ਬਹੁਤ ਸਾਰੇ ਪਾਸਬਾਨ ਅਤੇ ਸਿੱਖਿਅਕ ਕਰਦੇ ਹਨ। ਪੌਲੁਸ ਮਸੀਹ ਦਾ ਸੱਚਾ ਦਾਸ (ਗੁਲਾਮ) ਹੈ। ਇਥੇ ਜੋ ਯੂਨਾਨੀ ਸ਼ਬਦ ਹੈ ਉਹ ਹੈ (δουλος), ਜਿਸ ਦਾ ਜਥਾਰਥ ਅਰਥ ਹੈ **ਗੁਲਾਮ**।

ਦਾਸ ਵਾਸਤੇ ਇੱਕ ਅਲੱਗ ਸ਼ਬਦ ਹੈ। ਦਾਸ ਆਪਣੇ ਮਾਲਕ ਦਾ ਕੰਮ ਤਾਂ ਕਰਦਾ ਹੈ ਪਰ ਉਹ ਆਪਣੇ ਮਾਲਕ ਦੀ ਮਲਕੀਅਤ ਨਹੀਂ ਹੈ। ਜਦਕਿ ਗੁਲਾਮ ਸਦਾ ਲਈ ਆਪਣੇ ਮਾਲਕ ਦੀ "ਮਲਕੀਅਤ" ਹੁੰਦਾ ਹੈ ਅਤੇ ਉਸ ਦਾ ਕੰਮ ਕੇਵਲ ਆਗਿਆ ਮੰਨਣਾ ਹੈ। ਪੌਲੁਸ ਮਨੁੱਖਾਂ ਦੀ ਸੇਵਾ ਜਾਂ ਉਨ੍ਹਾਂ ਨੂੰ ਖੁਸ਼ ਨਹੀਂ ਕਰ ਰਿਹਾ। ਉਸ ਦਾ ਸਾਰਾ ਧਿਆਨ ਕੇਵਲ ਇੱਕੋ ਗੱਲ ਤੇ ਹੈ ਅਤੇ ਉਹ ਹੈ ਆਪਣੇ ਮਾਲਕ ਦੀ ਆਗਿਆ ਨੂੰ ਮੰਨਣਾ। (ਵੇਖੋ ਬਿਵਸਥਾ ਸਾਰ 15:12-17)

- ਸਾਨੂੰ ਸਾਰਿਆਂ ਨੂੰ ਆਪਣੇ ਆਪ ਤੋਂ ਇਹ ਸਵਾਲ ਪੁੱਛਣ ਦੀ ਲੋੜ ਹੈ, ਕੀ ਮੈਂ **ਪ੍ਰਭੂ** ਦਾ ਦਾਸ ਹਾਂ . . . ਜਾਂ ਉਸ ਦਾ ਗੁਲਾਮ ਹਾਂ?

## III. ਪੌਲੁਸ ਆਪਣੀ ਸੇਵਕਾਈ ਦਾ ਬਚਾਅ ਕਰਦਾ ਹੈ

ਪੌਲੁਸ ਦੀਆਂ ਸਾਰੀਆਂ ਸੇਵਕਾਈ ਯਾਤਰਾਵਾਂ ਦੌਰਾਨ ਜੋ ਲੋਕ ਉਸ ਦੇ ਰਾਹੀਂ ਗੈਰ-ਕੌਮਾਂ ਤੋਂ ਮਸੀਹੀ ਬਣੇ ਸਨ ਉਨ੍ਹਾਂ ਨੂੰ ਯਹੂਦੀ ਵਿਸ਼ਵਾਸੀ ਲਗਾਤਾਰ ਭਟਕਾਉਣ ਦੀ ਕੋਸ਼ਿਸ਼ ਕਰਦੇ ਆ ਰਹੇ ਸਨ ਜੋ ਯਿਸੂ ਨੂੰ ਕੇਵਲ ਇੱਕ ਮਸੀਹ ਦੇ ਰੂਪ ਵਿੱਚ ਆਪਣੀ ਯਹੂਦੀ ਸ਼ਰਾ ਅਤੇ ਸੁੰਨਤ ਦੀ ਰੀਤ ਨਾਲ **ਜੋੜ ਰਹੇ** ਸਨ। (ਕਿਸੇ ਵੀ ਧਰਮ ਤੋਂ ਮਸੀਹੀ ਬਣਨ ਵਾਲੇ ਲੋਕ ਵੀ ਅਜਿਹਾ ਹੀ ਕਰਦੇ ਹਨ) ਇਹ ਉਸ ਪਰਕਾਸ਼ਨ ਦਾ ਵਿਗਾੜ ਸੀ ਜੋ ਪੌਲੁਸ ਨੂੰ ਮਿਲਿਆ ਸੀ। ਇਹ ਪੌਲੁਸ ਦੀ ਸਮੱਸਿਆ ਸੀ ਅਤੇ ਪੌਲੁਸ ਨੇ ਹੀ ਆਪਣੇ ਸ੍ਰੋਤਿਆਂ ਨੂੰ ਇਹ ਯਕੀਨ ਦਿਵਾਉਣਾ ਸੀ ਕਿ ਇਹ ਕੇਵਲ ਉਸ ਦੇ ਆਪਣੇ ਵਿਚਾਰ ਨਹੀਂ ਸਨ, ਬਲਕਿ ਇਹ ਸੱਚਮੁੱਚ ਉਹ ਪਰਕਾਸ਼ਨ ਸੀ ਜੋ **ਪਰਮੇਸ਼ੁਰ** ਨੇ ਉਸ ਉੱਤੇ ਪਰਗਟ ਕੀਤਾ ਸੀ।

ਸਾਨੂੰ ਇਹ ਸਮਝਣਾ ਲਾਜ਼ਮੀ ਹੈ ਕਿ ਜਿਸ ਗੱਲ ਤੇ ਅਸੀਂ ਵਿਸ਼ਵਾਸ ਕਰਦੇ ਹਾਂ ਉਸ ਦਾ **ਸਹੀ ਸ੍ਰੋਤ** ਲੱਭਣਾ **ਬਹੁਤ** ਜ਼ਰੂਰੀ ਹੈ ਅਤੇ ਇਹ ਨਾ ਕੇਵਲ ਸਹੀ ਇਤਿਹਾਸ ਦੀ, ਬਲਕਿ ਅੱਜ ਦੇ ਸਮੇਂ ਵਿੱਚ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਅਤੇ ਖੋਜ (ਰਿਸਰਚ) ਦੀ ਬੁਨਿਆਦ ਵੀ ਹੈ।

**ਮਸੀਹੀ ਸਿੱਖਿਆ ਇਨ੍ਹਾਂ ਸ੍ਰੋਤਾਂ ਤੇ ਅਧਾਰਤ ਹੈ:**

1. ਪੁਰਾਣੇ ਨੇਮ ਦੀਆਂ ਲਿਖਤਾਂ ਵਿੱਚ ਪਰਗਟ ਪਰਕਾਸ਼ਨ।
2. ਪਰਮੇਸ਼ੁਰ ਦੇ ਪੁੱਤਰ **ਯਿਸੂ** ਵੱਲੋਂ ਆਪਣੇ ਗਿਆਰਾਂ ਚੇਲਿਆਂ ਨੂੰ ਦਿੱਤੀਆਂ ਗਈਆਂ ਇਖ਼ਤਿਆਰ ਵਾਲੀਆਂ ਸਿੱਖਿਆਵਾਂ ਜੋ ਕਿ ਇੰਜੀਲਾਂ ਅਤੇ ਪੱਤ੍ਰੀਆਂ ਵਿੱਚ ਦਰਜ ਹਨ।
3. ਪੌਲੁਸ ਰਸੂਲ ਨੂੰ ਦਿੱਤਾ ਗਿਆ ਵੱਖਰਾ ਪਰਕਾਸ਼ਨ।

ਇੱਕ ਸਮਝਦਾਰ ਵਿਅਕਤੀ ਜੋ ਕੁਝ ਪੜ੍ਹਦਾ ਜਾਂ ਸੁਣਦਾ ਹੈ ਉਸ ਨੂੰ ਸੱਚ ਦੇ ਰੂਪ ਵਿੱਚ ਸਵੀਕਾਰ ਕਰਨ ਤੋਂ ਪਹਿਲਾਂ ਉਸ ਦੇ **ਸ੍ਰੋਤ** ਦੀ ਗਹਿਰਾਈ ਵਿੱਚ ਜਾਣ ਦੀ ਕੋਸ਼ਿਸ਼ ਅਤੇ ਖੋਜਬੀਣ ਕਰੇਗਾ। ਇਹ ਗੱਲ ਖਾਸ ਕਰਕੇ ਪਾਪ ਦੀ ਮਾਫ਼ੀ ਅਤੇ ਸਦੀਪਕ ਜੀਵਨ ਨਾਲ ਜੁੜੀਆਂ ਉਨ੍ਹਾਂ ਗੱਲਾਂ ਤੇ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਅਸੀਂ ਸੱਚ ਮੰਨ ਕੇ ਵਿਸ਼ਵਾਸ ਕਰਦੇ ਹਾਂ।

ਬਾਈਬਲ ਦੇ ਇਖ਼ਤਿਆਰ, ਇਸ ਦੇ ਸ੍ਰੋਤ ਅਤੇ ਇਸ ਦੇ ਸੰਦੇਸ਼ ਨੂੰ ਸਮਝਣ ਵਿੱਚ ਤੁਹਾਡੀ ਮਦਦ ਲਈ ਮੈਂ ਤੁਹਾਨੂੰ ਉਤਸ਼ਾਹਿਤ ਕਰਦਾ ਹਾਂ ਕਿ ਤੁਸੀਂ ਸਾਡੀ ਵੈਬਸਾਈਟ www.treasurehisword.com ਤੇ ਉਪਲਬਧ "**Bible Uniqueness**" (ਬਾਈਬਲ ਦਾ ਨਿਵੇਕਲਾਪਣ) ਨੋਟਸ ਨੂੰ ਜ਼ਰੂਰ ਪੜ੍ਹੋ।

ਗਲਾਤੀਆਂ 1:11-24 ਹੇ ਭਰਾਵੋ, ਮੈਂ **ਉਸ ਖੁਸ਼ ਖਬਰੀ** ਦੇ ਵਿਖੇ ਜਿਹੜੀ ਮੈਂ ਸੁਣਾਈ ਸੀ ਤੁਹਾਨੂੰ ਚਿਤਾਰਦਾ ਹਾਂ ਭਈ ਉਹ **ਇਨਸਾਨ ਦੇ ਅਨੁਸਾਰ ਨਹੀਂ** ਹੈ। (12) ਉਹ ਮੈਨੂੰ ਨਾ ਤਾਂ ਇਨਸਾਨ ਕੋਲੋਂ ਮਿਲੀ, ਨਾ ਹੀ ਮੈਂ ਸਿਖਾਇਆ ਗਿਆ ਸਗੋਂ **ਉਹ ਯਿਸੂ ਮਸੀਹ ਦੇ ਪਰਕਾਸ਼** ਦੇ ਰਾਹੀਂ **ਮੈਨੂੰ ਪਰਾਪਤ ਹੋਈ।**

- ਜਦੋਂ ਤੁਸੀਂ ਪੌਲੁਸ ਦੀਆਂ ਲਿਖਤਾਂ ਨੂੰ ਬੜੇ ਧਿਆਨ ਨਾਲ ਪੜ੍ਹਦੇ ਅਤੇ ਅਧਿਐਨ ਕਰਦੇ ਹੋ ਤਾਂ ਉਸ ਦੀ ਖੁਸ਼ਖ਼ਬਰੀ ਦੀ ਪੇਚੀਦਗੀ ਅਤੇ ਅੰਤ ਤਕ ਇੱਕੋ ਦਿਸ਼ਾ ਵੱਲ ਵਧਦੀ ਗੱਲ ਨੂੰ ਵੇਖ ਕੇ ਤੁਹਾਨੂੰ ਪਤਾ ਲੱਗ ਜਾਂਦਾ ਹੈ ਅਤੇ ਤੁਸੀਂ ਇਸ ਨਤੀਜੇ ਤੇ ਪਹੁੰਚਦੇ ਹੋ ਕਿ ਉਸ ਦੀ ਖੁਸ਼ਖ਼ਬਰੀ ਮਨੁੱਖਾਂ ਵੱਲੋਂ ਨਹੀਂ ਹੈ।

(13) ਕਿਉਂ ਜੋ ਯਹੂਦੀਆਂ ਦੇ ਮਤ ਵਿੱਚ ਜਿਹੜਾ ਅੱਗੇ ਮੇਰਾ ਚਲਣ ਸੀ ਸੋ ਤੁਸਾਂ ਉਹ ਦੀ ਖਬਰ ਸੁਣ ਹੀ ਲਈ ਭਈ ਮੈਂ ਪਰਮੇਸ਼ੁਰ ਦੀ **ਕਲੀਸਿਯਾ ਨੂੰ** ਹੱਦੋਂ ਬਾਹਰ **ਸਤਾਉਂਦਾ** ਅਤੇ ਉਹ ਨੂੰ **ਬਰਬਾਦ ਕਰਦਾ** ਸਾਂ। (14) ਅਤੇ ਆਪਣਿਆਂ ਵੱਡਿਆਂ ਦੀਆਂ **ਰੀਤਾਂ** ਲਈ **ਡਾਢਾ ਅਣਖੀ** ਹੋ ਕੇ ਮੈਂ ਯਹੂਦੀਆਂ ਦੇ ਮਤ ਵਿੱਚ ਆਪਣੀ ਕੌਮ ਦੇ ਬਾਹਲੇ ਹਾਣੀਆਂ ਨਾਲੋਂ ਸਿਰ ਕੱਢ ਸਾਂ।

- ਪੌਲੁਸ ਇਹ ਗੱਲਾਂ ਇਸ ਲਈ ਆਖ ਰਿਹਾ ਹੈ ਤਾਂ ਕਿ ਗਲਾਤੀ ਵਿਸ਼ਵਾਸੀ ਪੌਲੁਸ ਵੱਲੋਂ ਯਹੂਦੀ ਪਰੰਪਰਾ ਦੇ ਪ੍ਰਤੀ, ਜਿਸ ਵਿੱਚ ਸ਼ਰਾ ਅਤੇ ਸੁੰਨਤ ਸ਼ਾਮਲ ਸੀ, ਉਸ ਦੀ ਪਹਿਲੀ ਸ਼ਰਧਾ ਅਤੇ ਕੱਟੜ ਸਮਰਪਣ ਤੇ ਗੌਰ ਕਰਨ, ਅਤੇ ਇਸ ਦੀ ਤੁਲਨਾ ਯਿਸੂ ਮਸੀਹ ਦੇ ਉਸ ਉੱਤੇ ਪਰਗਟ ਹੋਣ ਤੋਂ ਬਾਅਦ ਹੋਏ ਉਸ ਦੇ ਮੁਕੰਮਲ ਬਦਲਾਵ ਨਾਲ ਕਰਨ! ਜਦੋਂ ਉਹ ਹੋਰ ਮਸੀਹੀਆਂ ਨੂੰ ਕੈਦ ਕਰਨ ਲਈ ਦਮਿਸ਼ਕ ਜਾ ਰਿਹਾ ਸੀ ਤਾਂ ਸ਼ਹਿਰ ਤੋਂ ਬਾਹਰ ਹੀ ਯਿਸੂ ਨੇ ਉਸ ਨੂੰ ਜ਼ਮੀਨ ਉੱਤੇ ਡੇਗ ਦਿੱਤਾ ਸੀ। (ਰਸੂਲਾਂ ਦੇ ਕਰਤੱਬ 9)

(15) **ਪਰ** ਜਦੋਂ ਉਹ ਦੀ ਜਿਨ **ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ** ਅਤੇ ਆਪਣੀ ਕਿਰਪਾ ਨਾਲ **ਸੱਦਿਆ** ਇਹ ਭਾਉਣੀ ਹੋਈ . . .

- ਸੌਲੁਸ / ਪੌਲੁਸ ਵਾਸਤੇ **ਪ੍ਰਭੂ ਦੀ** ਸ਼ੁਰੂ ਤੋਂ ਇਹੋ ਯੋਜਨਾ ਅਤੇ ਉਦੇਸ਼ ਸੀ। ਤੁਹਾਡੇ ਲਈ ਇਸ ਗੱਲ ਨੂੰ ਜਾਣਨਾ ਅਤੇ ਸਮਝਣਾ ਜ਼ਰੂਰੀ ਹੈ ਕਿ **ਤੁਸੀਂ ਵੀ** ਆਪਣੀ ਮਾਤਾ ਦੇ ਗਰਭ ਤੋਂ ਹੀ **ਪ੍ਰਭੂ** ਦੀ ਉਸ ਯੋਜਨਾ ਅਤੇ ਉਦੇਸ਼ ਲਈ **ਚੁਣੇ** ਅਤੇ **ਸੱਦੇ ਗਏ** ਹੋ ਜੋ ਉਸ ਕੋਲ ਤੁਹਾਡੇ ਜੀਵਨ ਲਈ ਹੈ:

  ਅਫ਼ਸੀਆਂ 1:4 **ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਅੱਗੋਂ ਹੀ** ਉਸ ਵਿੱਚ **ਚੁਣ ਲਿਆ**
  (ਇਹ ਗੱਲ "ਅਫ਼ਸੁਸ ਦੇ ਸੰਤਾਂ" ਨੂੰ ਲਿਖੀ ਗਈ ਸੀ, ਨਾ ਕਿ ਉੱਥੋਂ ਦੇ ਗੈਰ-ਵਿਸ਼ਵਾਸੀਆਂ ਨੂੰ)

  2 ਤਿਮੋਥਿਉਸ 1:8-10 . . . ਪਰਮੇਸ਼ੁਰ . . . ਜਿਸ **ਸਾਨੂੰ** ਬਚਾਇਆ ਅਤੇ **ਪਵਿੱਤਰ ਸੱਦੇ ਨਾਲ ਸੱਦਿਆ**, ਸਾਡੀਆਂ ਕਰਨੀਆਂ ਦੇ ਅਨੁਸਾਰ ਨਹੀਂ ਸਗੋਂ **ਆਪਣੀ ਮਨਸ਼ਾ** ਦੇ ਅਤੇ ਉਸ ਕਿਰਪਾ ਦੇ ਅਨੁਸਾਰ ਜਿਹੜੀ ਮਸੀਹ ਯਿਸੂ ਵਿੱਚ **ਸਨਾਤਨ ਸਮਿਆਂ ਤੋਂ ਸਾਡੇ ਉੱਤੇ ਕੀਤੀ ਗਈ**

  ਰੋਮੀਆਂ 8:28-30 ਅਸੀਂ ਜਾਣਦੇ ਹਾਂ ਭਈ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ **ਜਿਹੜੇ** ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ **ਸੱਦੇ ਹੋਏ ਹਨ**। 29ਕਿਉਂਕਿ ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਓਹਨਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ . . . 30ਅਤੇ **ਜਿਨ੍ਹਾਂ ਨੂੰ ਉਹ ਨੇ ਅੱਗਿਓਂ ਠਹਿਰਾਇਆ ਉਸ ਨੇ ਓਹਨਾਂ ਨੂੰ ਸੱਦਿਆ ਭੀ** ਅਤੇ ਜਿਨ੍ਹਾਂ ਨੂੰ ਉਸ ਨੇ **ਸੱਦਿਆ** ਓਹਨਾਂ ਨੂੰ ਧਰਮੀ ਭੀ ਠਹਿਰਾਇਆ ਅਤੇ ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਓਹਨਾਂ ਨੂੰ ਵਡਿਆਈ ਭੀ ਦਿੱਤੀ।

(16) ਜੋ ਆਪਣੇ ਪੁੱਤ੍ਰ ਨੂੰ ਮੇਰੇ ਵਿੱਚ ਪਰਕਾਸ਼ ਕਰੇ **ਭਈ** ਮੈਂ ਉਹ ਦੀ ਖੁਸ਼ ਖਬਰੀ ਪਰਾਈਆਂ ਕੌਮਾਂ ਵਿੱਚ ਸੁਣਾਵਾਂ ਤਦੋਂ ਹੀ ਮੈਂ ਮਾਸ ਅਤੇ ਲਹੂ ਤੋਂ ਸਲਾਹ ਨਾ ਪੁੱਛੀ, (17) ਨਾ ਯਰੂਸ਼ਲਮ ਨੂੰ ਓਹਨਾਂ ਕੋਲ ਗਿਆ ਜਿਹੜੇ ਮੈਥੋਂ ਪਹਿਲਾਂ ਰਸੂਲ ਬਣੇ ਸਨ ਸਗੋਂ ਮੈਂ ਅਰਬ ਨੂੰ ਚੱਲਿਆ ਗਿਆ ਅਤੇ ਫੇਰ ਦੰਮਿਸਕ ਨੂੰ ਮੁੜ ਆਇਆ। (ਵੇਖੋ ਰਸੂਲਾਂ ਦੇ ਕਰਤਬ 9:19-22)

ਪੌਲੁਸ ਇਸ ਗੱਲ ਨੂੰ ਸਪੱਸ਼ਟ ਅਤੇ ਪੱਕਿਆਂ ਕਰ ਰਿਹਾ ਹੈ ਕਿ ਜਿਹੜੀ ਖੁਸ਼ਖ਼ਬਰੀ ਦਾ ਪ੍ਰਚਾਰ ਉਹ ਕਰ ਰਿਹਾ ਹੈ ਉਹ ਕਿਸੇ ਮਨੁੱਖ ਦੀ ਸਿੱਖਿਆ ਨਹੀਂ ਹੈ, ਬਲਕਿ ਇਹ ਖੁਸ਼ਖ਼ਬਰੀ ਉਸ ਨੂੰ ਇੱਕ ਪਰਕਾਸ਼ਨ ਦੁਆਰਾ ਸਿੱਧਾ ਪ੍ਰਭੂ ਯਿਸੂ ਮਸੀਹ ਤੋਂ ਮਿਲੀ ਹੈ। ਪੌਲੁਸ ਦੇ ਤਿੰਨ ਦਿਨ ਦੇ ਅੰਨ੍ਹੇਪਣ ਦੇ ਦੌਰਾਨ ਉਸ ਨੂੰ ਇਸ ਸੰਬੰਧੀ ਦਰਸ਼ਣ (ਰਸੂਲਾਂ ਦੇ ਕਰਤੱਬ 9:12) ਅਤੇ ਪਰਕਾਸ਼ਨ ਮਿਲਿਆ ਕਿ ਯਿਸੂ ਮਸੀਹ ਨੇ ਪੁਰਾਣੇ ਨੇਮ ਦੀਆਂ ਲਿਖਤਾਂ ਨੂੰ ਅਤੇ ਸ਼ਰਾ ਦੇ ਉਦੇਸ਼ ਨੂੰ ਕਿਵੇਂ ਪੂਰਾ ਕੀਤਾ।

(18) ਤਦ ਤਿੰਨਾਂ ਵਰਿਹਾਂ ਦੇ ਪਿੱਛੋਂ ਕੇਫ਼ਾਸ ਦੇ ਦਰਸ਼ਣ ਕਰਨ ਲਈ ਮੈਂ ਯਰੂਸ਼ਲਮ ਨੂੰ ਗਿਆ ਅਤੇ ਉਹ ਦੇ ਕੋਲ ਪੰਦਰਾਂ ਦਿਨ ਰਿਹਾ। (19) ਪਰ ਪ੍ਰਭੂ ਦੇ ਭਰਾ ਯਾਕੂਬ ਤੋਂ ਬਿਨਾ ਮੈਂ ਰਸੂਲਾਂ ਵਿੱਚੋਂ ਕਿਸੇ ਹੋਰ ਨੂੰ ਨਹੀਂ ਡਿੱਠਾ। (20) ਹੁਣ ਜਿਹੜੀਆਂ ਗੱਲਾਂ ਤੁਹਾਨੂੰ ਲਿਖਦਾ ਹਾਂ, ਵੇਖੋ, ਪਰਮੇਸ਼ੁਰ ਦੇ ਅੱਗੇ ਕਹਿੰਦਾ ਹਾਂ, ਮੈਂ ਝੂਠ ਨਹੀਂ ਬੋਲਦਾ! (21) ਉਹ ਦੇ ਮਗਰੋਂ ਮੈਂ ਸੁਰਿਯਾ ਅਤੇ ਕਿਲਕਿਯਾ ਦੇ ਇਲਾਕਿਆਂ ਵਿੱਚ ਗਿਆ। (22) ਅਤੇ ਯਹੂਦਿਯਾ ਦੀਆਂ ਕਲੀਸਿਯਾਂ ਨੂੰ ਜੋ ਮਸੀਹ ਵਿੱਚ ਸਨ ਅਜੇ ਮੇਰੇ ਚਿਹਰੇ ਦੀ ਸਿਆਣ ਵੀ ਨਾ ਸੀ। 23) ਪਰ ਨਿਰਾ ਓਹ ਇਹ ਸੁਣਦੀਆਂ ਸਨ ਭਈ ਜਿਹੜਾ ਸਾਨੂੰ ਅੱਗੇ ਸਤਾਉਂਦਾ ਸੀ ਉਹ ਹੁਣ ਉਸ ਨਿਹਚਾ ਦੀ ਖੁਸ਼ ਖਬਰੀ ਸੁਣਾਉਂਦਾ ਹੈ ਜਿਹ ਨੂੰ ਅੱਗੇ ਬਰਬਾਦ ਕਰਦਾ ਸੀ। (24) ਅਤੇ ਓਹਨਾਂ ਮੇਰੇ ਕਾਰਨ ਪਰਮੇਸ਼ੁਰ ਦੀ ਵਡਿਆਈ ਕੀਤੀ।

## IV. ਪੌਲੁਸ ਦੇ ਪਰਕਾਸ਼ਨ ਨੂੰ ਮਾਨਤਾ ਅਤੇ ਪ੍ਰਵਾਨਗੀ ਦੇਣਾ।

ਗਲਾਤੀਆਂ 2:1-10 ਯਰੂਸ਼ਲਮ ਦੀ ਸਭਾ

ਤਦ ਚੌਦਾਂ ਵਰਿਹਾਂ ਦੇ ਪਿੱਛੋਂ ਮੈਂ ਬਰਨਬਾਸ ਸਣੇ ਯਰੂਸ਼ਲਮ ਨੂੰ ਫੇਰ ਗਿਆ ਅਤੇ ਤੀਤੁਸ ਨੂੰ ਵੀ ਨਾਲ ਲੈ ਗਿਆ। (2) ਅਤੇ ਮੇਰਾ ਜਾਣਾ **ਪਰਕਾਸ਼ ਬਾਣੀ** ਦੇ ਅਨੁਸਾਰ ਸੀ ਅਤੇ **ਉਸ ਖੁਸ਼ ਖਬਰੀ ਨੂੰ ਜਿਹ ਦਾ ਮੈਂ** ਪਰਾਈਆਂ ਕੌਮਾਂ ਵਿੱਚ **ਪਰਚਾਰ ਕਰਦਾ ਹਾਂ ਉਨ੍ਹਾਂ ਦੇ ਅੱਗੇ ਪੇਸ਼ ਕੀਤਾ** ਪਰ ਨਾਮੀ ਗਿਰਾਮੀ ਲੋਕਾਂ ਦੇ ਅੱਗੇ ਨਿਰਾਲੇ ਵਿੱਚ ਭਈ ਕਿਤੇ ਐਉਂ ਨਾ ਹੋਵੇ ਜੋ ਮੇਰੀ ਹੁਣ ਦੀ ਯਾ ਪਿੱਛਲੀ ਦੌੜ ਭੱਜ ਅਕਾਰਥ ਜਾਵੇ। (3) ਪਰ **ਤੀਤੁਸ ਵੀ** ਜੋ ਮੇਰੇ ਨਾਲ ਸੀ **ਭਾਵੇਂ ਯੂਨਾਨੀ ਸੀ ਤਾਂ ਵੀ ਧੱਕੋ ਧੱਕੀ ਸੁੰਨਤੀ ਨਾ ਬਣਾਇਆ** ਗਿਆ।

- ਪੌਲੁਸ ਨੇ ਉਸ ਨੂੰ ਮਿਲੇ ਪਰਕਾਸ਼ਨ ਦਾ ਵਰਣਨ ਯਿਸੂ ਦੇ ਚੇਲਿਆਂ ਸਾਹਮਣੇ ਕੀਤਾ ਜਿਨ੍ਹਾਂ **ਯਿਸੂ** ਤੋਂ ਸਿੱਖਿਆ ਪਾਈ ਸੀ ਅਤੇ ਉਨ੍ਹਾਂ ਨੇ ਇਹ ਕਹਿ ਕੇ ਪੌਲੁਸ ਦੀ ਖੁਸ਼ਖ਼ਬਰੀ ਨੂੰ ਮਾਨਤਾ ਅਤੇ ਪ੍ਰਵਾਨਗੀ ਦਿੱਤੀ ਕਿ ਇਹ **ਪ੍ਰਭੂ** ਵੱਲੋਂ ਹੀ ਸੀ। **ਉਨ੍ਹਾਂ ਨੇ** ਤਾਂ ਪੌਲੁਸ ਦੇ ਉਸ ਪਰਕਾਸ਼ਨ ਵਿੱਚ ਜੋ ਪੌਲੁਸ ਨੂੰ ਮਿਲਿਆ ਸੀ ਅਤੇ ਜਿਸ ਦਾ ਉਹ ਪ੍ਰਚਾਰ ਕਰ ਰਿਹਾ ਸੀ **ਕਿਸੇ ਸੁੰਨਤ ਜਾਂ ਸ਼ਰਾ ਨੂੰ ਮੰਨਣ ਦੀ ਗੱਲ ਨਹੀਂ ਜੋੜੀ।**

- ਜੇਕਰ ਮੁਕਤੀ ਪਾਉਣ ਲਈ ਸੁੰਨਤ ਕਰਾਉਣਾ ਲਾਜ਼ਮੀ ਦੱਸਿਆ ਜਾਂਦਾ ਹੈ ਤਾਂ ਮਸੀਹ ਦੀ ਮੌਤ ਦੇ ਮਹੱਤਵ ਦਾ ਕੀ ਬਣੇਗਾ?

(4) ਪਰ ਉਨ੍ਹਾਂ **ਝੂਠੇ ਭਰਾਵਾਂ ਦੇ ਕਾਰਨ** ਜੋ ਚੁੱਪ ਕੀਤੇ ਉਸ ਅਜ਼ਾਦੀ ਦੀ ਸੂਹ ਲੈਣ ਲਈ ਜਿਹੜੀ ਮਸੀਹ ਯਿਸੂ ਵਿੱਚ ਸਾਨੂੰ ਮਿਲੀ ਹੋਈ ਹੈ ਚੋਰੀਂ ਵੜ ਆਏ **ਭਈ ਸਾਨੂੰ ਬੰਧਨ ਵਿੱਚ ਲਿਆਉਣ**। (5) ਪਰ **ਅਸੀਂ** ਇੱਕ ਘੜੀ ਵੀ **ਅਧੀਨ ਹੋ ਕੇ ਓਹਨਾਂ ਦੇ ਵੱਸ ਵਿੱਚ ਨਾ ਆਏ** ਭਈ ਖੁਸ਼ ਖਬਰੀ ਦੀ **ਸਚਿਆਈ ਤੁਹਾਡੇ ਕੋਲ ਬਣੀ ਰਹੇ**। (6) ਪਰ ਉਹ ਜਿਹੜੇ ਨਾਮੀ ਗਿਰਾਮੀ ਸਨ, ਓਹ ਭਾਵੇਂ ਕਿਹੋ ਜਿਹੇ ਹੋਣ, ਮੈਨੂੰ ਕੋਈ ਪਰਵਾਹ ਨਹੀਂ- ਪਰਮੇਸ਼ੁਰ ਕਿਸੇ ਮਨੁੱਖ ਦਾ ਪੱਖ ਪਾਤ ਨਹੀਂ ਕਰਦਾ ਹੈ, ਮੈਂ ਕਹਿੰਦਾ ਹਾਂ ਭਈ ਜਿਹੜੇ ਨਾਮੀ ਗਿਰਾਮੀ ਸਨ ਓਹਨਾਂ ਤੋਂ ਮੈਨੂੰ ਤਾਂ ਕੁਝ ਪਰਾਪਤ ਨਾ ਹੋਇਆ। (7) ਸਗੋਂ ਉਲਟਾ ਜਾਂ ਓਹਨਾਂ ਨੇ ਡਿੱਠਾ ਭਈ ਅਸੁੰਨਤੀਆਂ ਲਈ ਖੁਸ਼ ਖਬਰੀ ਦਾ ਕੰਮ ਮੈਨੂੰ ਸੌਂਪਿਆ ਗਿਆ ਜਿਵੇਂ ਸੁੰਨਤੀਆਂ ਲਈ ਪਤਰਸ ਨੂੰ, (8) ਕਿਉਂਕਿ **ਜਿਹ ਨੇ** ਸੁੰਨਤੀਆਂ ਦੇ ਵਿਖੇ ਰਸੂਲ ਦੀ ਪਦਵੀ ਲਈ ਪਤਰਸ ਵਿੱਚ ਅਸਰ ਕੀਤਾ ਉਹ ਨੇ ਪਰਾਈਆਂ ਕੌਮਾਂ ਦੇ ਲਈ ਮੇਰੇ ਵਿੱਚ ਭੀ ਅਸਰ ਕੀਤਾ। (9) ਅਤੇ ਜਾਂ ਉਨ੍ਹਾਂ ਉਸ **ਕਿਰਪਾ ਨੂੰ** ਜਿਹੜੀ ਮੇਰੇ ਉੱਤੇ ਹੋਈ **ਜਾਣ ਲਿਆ** ਤਾਂ ਯਾਕੂਬ ਅਤੇ ਕੇਫ਼ਾਸ ਅਤੇ ਯੂਹੰਨਾ ਨੇ ਜਿਹੜੇ ਕਲੀਸਿਯਾ

ਦੇ ਥੰਮ੍ਹ ਆਖੀਦੇ ਹਨ ਮੇਰੇ ਨਾਲ ਅਤੇ ਬਰਨਬਾਸ ਨਾਲ **ਸਾਂਝ ਦੇ ਸੱਜੇ ਹੱਥ** ਮਿਲਾਏ ਭਈ ਅਸੀਂ ਪਰਾਈਆਂ ਕੌਮਾਂ ਕੋਲ ਜਾਈਏ ਅਤੇ ਓਹ ਸੁੰਨਤੀਆਂ ਕੋਲ ਜਾਣ। (10) ਕੇਵਲ ਅਸੀਂ ਗਰੀਬਾਂ ਨੂੰ ਚੇਤੇ ਰੱਖੀਏ ਜਿਸ ਕੰਮ ਲਈ ਮੈਂ ਵੀ ਲੱਕ ਬੱਧਾ ਸੀ।

ਇਸ ਮੁਲਾਕਾਤ ਨਾਲ ਯਰੂਸ਼ਲਮ ਦੀ ਕਲੀਸੀਆ ਦੇ ਆਗੂਆਂ ਵੱਲੋਂ ਪੌਲੁਸ ਅਤੇ ਬਰਨਬਾਸ ਦੇ ਗੈਰ-ਕੌਮਾਂ ਵਿੱਚ ਸੇਵਾ ਦੇ ਮਿਸ਼ਨ ਨੂੰ **ਪ੍ਰਵਾਨਗੀ** ਦੇ ਦਿੱਤੀ ਗਈ। ਇਸ ਪ੍ਰਵਾਨਗੀ ਵਿੱਚ ਕਈ ਗੱਲਾਂ ਸਨ:

1. **ਇਸ ਨਾਲ ਇਹ ਸਵੀਕਾਰ ਕਰ ਲਿਆ ਗਿਆ ਕਿ ਉਨ੍ਹਾਂ ਕੋਲ ਪਰਮੇਸ਼ੁਰ ਦੀ ਸਹੀ ਬੁਲਾਹਟ ਸੀ।**
2. **ਉਨ੍ਹਾਂ ਨੂੰ ਅਲੱਗ-ਅਲੱਗ ਖੇਤਰਾਂ ਵਿੱਚ ਬਰਾਬਰੀ ਦਾ ਦਰਜਾ ਦਿੱਤਾ ਗਿਆ।** ਪਤਰਸ ਦੀ ਸੇਵਾ ਯਹੂਦੀਆਂ ਵਿੱਚ ਅਤੇ ਪੌਲੁਸ ਦੀ ਸੇਵਾ ਗੈਰ-ਕੌਮਾਂ ਵਿੱਚ।
3. **ਉਨ੍ਹਾਂ ਨੂੰ ਮਿੱਤਰਤਾ ਅਤੇ ਸੰਗਤੀ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ।** "ਸੱਜਾ ਹੱਥ ਮਿਲਾਉਣ" ਦਾ ਅਰਥ ਹੈ ਆਪਸੀ ਮਿੱਤਰਤਾ ਦਾ ਵਾਦਾ ਕਰਨਾ ਅਤੇ ਇਹ ਉਹ ਰੀਤ ਹੈ ਜਿਸ ਬਾਰੇ ਦੁਨਿਆਵੀ ਅਤੇ ਯਹੂਦੀ ਲਿਖਤਾਂ ਵਿੱਚੋਂ ਵੀ ਪਤਾ ਲੱਗਦਾ ਹੈ।

## V. ਪੌਲੁਸ ਪਤਰਸ (ਕੇਫ਼ਾਸ) ਦੇ ਢੋਂਗ ਦਾ ਪਰਦਾਫ਼ਾਸ਼ ਕਰਦਾ ਹੈ

ਗਲਾਤੀਆਂ 2:11-21 ਪਰ ਜਾਂ ਕੇਫ਼ਾਸ ਅੰਤਾਕਿਯਾ ਨੂੰ ਆਇਆ ਤਾਂ ਮੈਂ ਉਹ ਦੇ ਮੂੰਹ ਉੱਤੇ ਉਹ ਦਾ ਸਾਹਮਣਾ ਕੀਤਾ ਕਿਉਂ ਜੋ **ਉਹ ਤਾਂ ਦੋਸ਼ੀ ਠਹਿਰਿਆ ਸੀ।** ਕਿਉਂ? (12) ਇਸ ਲਈ ਕਿ ਉਸ ਤੋਂ ਅਗੇ ਜੋ ਕਈਕੁ ਜਣੇ ਯਾਕੂਬ ਦੀ ਵੱਲੋਂ ਆਏ ਉਹ (ਕੇਫ਼ਾਸ) ਪਰਾਈ ਕੌਮ ਵਾਲਿਆਂ ਦੇ ਨਾਲ ਖਾਂਦਾ ਹੁੰਦਾ ਸੀ **ਪਰ** ਜਾਂ ਓਹ ਆਏ ਤਾਂ ਸੁੰਨਤੀਆਂ ਦੇ **ਡਰ ਦੇ ਮਾਰੇ** ਉਹ ਪਿਛਾਹਾਂ ਹਟ ਗਿਆ ਅਤੇ ਆਪਣੇ ਆਪ ਨੂੰ ਅੱਡ ਕੀਤਾ। (13) ਅਤੇ **ਬਾਕੀ ਯਹੂਦੀਆਂ ਨੇ ਵੀ ਉਹ ਦੇ ਨਾਲ ਦੁਰੰਗੀ ਕੀਤੀ ਐਥੋਂ ਤੀਕ ਜੋ ਬਰਨਬਾਸ** ਵੀ ਓਹਨਾਂ ਦੀ ਦੁਰੰਗੀ ਨਾਲ ਭਰਮਾਇਆ ਗਿਆ। (14) ਪਰ ਜਾਂ ਮੈਂ ਵੇਖਿਆ ਜੋ ਓਹ **ਇੰਜੀਲ ਦੀ ਸਚਿਆਈ** ਦੇ **ਅਨੁਸਾਰ ਸਿੱਧੀ ਚਾਲ ਨਹੀਂ ਚੱਲਦੇ ਹਨ** (ਯੂਨਾਨੀ ਭਾਸ਼ਾ ਦਾ ਸ਼ਾਬਦਿਕ ਅਨੁਵਾਦ) ਤਾਂ ਸਭਨਾਂ ਦੇ ਅੱਗੇ ਕੇਫ਼ਾਸ ਨੂੰ ਆਖਿਆ ਭਈ ਜਦੋਂ ਤੂੰ ਯਹੂਦੀ ਹੋ ਕੇ ਪਰਾਈਆਂ ਕੌਮਾਂ ਦੀ ਰੀਤ ਉੱਤੇ ਚੱਲਦਾ ਹੈਂ ਅਤੇ ਯਹੂਦੀਆਂ ਦੀ ਰੀਤ ਉੱਤੇ ਨਹੀਂ ਤਾਂ ਤੂੰ ਕਿਵੇਂ ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ ਬਦੋਬਦੀ ਚਲਾਉਂਦਾ ਹੈਂ?

- ਕੀ ਅਸੀਂ ਵੀ ਕਈ ਵਾਰ ਕੇਫ਼ਾਸ ਵਾਂਙੁ ਕਰਦੇ ਹਾਂ? ਕੁਝ ਲੋਕਾਂ ਨਾਲ ਇੱਕ ਤਰ੍ਹਾਂ ਦਾ ਵਿਹਾਰ ਤਾਂ ਕਿ ਉਨ੍ਹਾਂ ਵੱਲੋਂ ਸਵੀਕਾਰੇ ਜਾਈਏ ਅਤੇ ਕਲੀਸੀਆ ਦੇ ਆਪਣੇ ਦੋਸਤਾਂ ਨਾਲ ਦੂਸਰੀ ਤਰ੍ਹਾਂ ਦਾ ਵਿਹਾਰ ?
    - ਇਸੇ ਕਰਕੇ ਮਸੀਹੀਆਂ ਉੱਤੇ ਅਕਸਰ ਢੋਂਗੀ ਹੋਣ ਦਾ ਦੋਸ਼ ਲਗਾਇਆ ਜਾਂਦਾ ਹੈ।

- ਜਿਸ ਗੱਲ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਬਿਲਕੁਲ ਸਹੀ ਹੈ ਕੀ ਅਸੀਂ ਉਸ ਤੇ ਦ੍ਰਿੜ੍ਹਤਾ ਨਾਲ ਕਾਇਮ ਰਹਿੰਦੇ ਹਾਂ ਭਾਵੇਂ ਦੂਸਰੇ ਕੁਝ ਵੀ ਸੋਚਣ? (ਵੇਖੋ ਅਫ਼ਸੀਆਂ 2:10; 4:1; ਕੁਲੁੱਸੀਆਂ 1:10; 2:6; 1 ਥੱਸਲੁਨੀਕੀਆਂ 2:12)

- ਪਤਰਸ ਜਿਸ ਨੇ ਕਈ ਮੌਕਿਆਂ ਤੇ ਬੜੀ ਦਿਲੇਰੀ ਵਿਖਾਈ ਉਸ ਦਾ ਇਸ ਇਸ ਤਰ੍ਹਾਂ ਦਾ ਵਿਹਾਰ ਵੇਖ ਕੇ ਹੈਰਾਨੀ ਹੁੰਦੀ ਹੈ।

    - ਉਸ ਨੇ ਇੱਕ ਲੰਗੜੇ ਵਿਅਕਤੀ ਨੂੰ ਚੰਗਾ ਕੀਤਾ ਅਤੇ ਫਿਰ ਇੱਕ ਵੱਡੀ ਭੀੜ ਨੂੰ ਇੱਕ ਸਖ਼ਤ ਸੰਦੇਸ਼ ਸੁਣਾਇਆ (ਰਸੂਲਾਂ ਦੇ ਕਰਤੱਬ 3:6; 11-26), ਉਸ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਅਤੇ ਉਸ ਨੇ ਫਿਰ ਹਾਕਮਾਂ ਅਤੇ ਬਜ਼ੁਰਗਾਂ ਨੂੰ ਵੀ ਇੱਕ ਸਖ਼ਤ ਸੰਦੇਸ਼ ਸੁਣਾਇਆ (4:1-12)।

- ਉਹ ਇੱਕ ਦਰਸ਼ਣ ਵੇਖਣ ਤੋਂ ਬਾਅਦ ਕਿਸੇ ਗੈਰ-ਜਾਤੀ ਮਨੁੱਖ ਦੇ ਘਰ ਜਾ ਕੇ ਖੁਸ਼ਖ਼ਬਰੀ ਸੁਣਾਉਣ ਵਾਲਾ ਪਹਿਲਾ ਵਿਅਕਤੀ ਸੀ ਅਤੇ ਉਨ੍ਹਾਂ ਨੇ ਵਿਸ਼ਵਾਸ ਕੀਤਾ ਅਤੇ ਉਸ ਨੇ ਉਨ੍ਹਾਂ ਨੂੰ ਬਪਤਿਸਮਾ ਦਿੱਤਾ (ਰਸੂਲਾਂ ਦੇ ਕਰਤੱਬ 10)

- ਦੂਸਰਿਆਂ ਦੁਆਰਾ ਸਵੀਕਾਰੇ ਜਾਣ ਦਾ ਦਬਾਅ ਬਹੁਤ **ਵੱਡਾ** ਹੁੰਦਾ ਹੈ ਅਤੇ ਅਸੀਂ ਸਭ ਕਦੇ ਨਾ ਕਦੇ ਇਸ ਦਬਾਅ ਸਾਹਮਣੇ ਗੋਡੇ ਟੇਕ ਦਿੰਦੇ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਯਿਸੂ ਨੂੰ ਗਿਰਫ਼ਤਾਰ ਕੀਤਾ ਗਿਆ ਪਤਰਸ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਉਹ ਯਿਸੂ ਨੂੰ ਜਾਣਦਾ ਹੈ ਅਤੇ ਉਸ ਦਾ ਚੇਲਾ ਹੈ (ਲੂਕਾ 22: 54 ਆਇਤ ਤੋਂ ਅੱਗੇ)। ਸਵਾਲ ਹਮੇਸ਼ਾ ਇਹ ਹੈ: **"ਅਸੀਂ ਕਿਸ ਨੂੰ ਖੁਸ਼ ਕਰਨਾ ਚਾਹੁੰਦੇ ਹਾਂ?"**

- ਪੌਲੁਸ ਨੇ ਕੇਫ਼ਾਸ ਨਾਲ ਸਭਨਾਂ ਦੇ ਸਾਹਮਣੇ ਬਹਿਸ ਕਿਉਂ ਕੀਤੀ ਅਤੇ ਵੱਖਰੇ ਲਿਜਾ ਕੇ ਕਿਉਂ ਨਹੀਂ?
  - ਜੇਕਰ ਪੌਲੁਸ ਸਭ ਦੇ ਸਾਹਮਣੇ ਇਸ ਸਥਿਤੀ ਨਾਲ ਨਾ ਨਜਿੱਠਦਾ ਤਾਂ ਗੈਰ-ਕੌਮਾਂ ਵਿੱਚ ਸੇਵਾਕਾਈ ਹੌਲੀ-ਹੌਲੀ ਖ਼ਤਮ ਹੋ ਜਾਂਦੀ। ਇਹ ਮਸਲਾ ਖੁਸ਼ਖ਼ਬਰੀ ਦਾ ਮੁੱਖ ਮਸਲਾ ਸੀ।

- ਇਸ ਮਾਮਲੇ ਤੇ ਜਨਤਕ ਤੌਰ ਤੇ ਹੋਈ ਬਹਿਸ ਨਾਲ ਯਹੂਦੀ ਮਸੀਹੀਆਂ ਨੂੰ ਕੀ ਫਾਇਦਾ ਹੋਇਆ?
  - ਉਨ੍ਹਾਂ ਨੇ ਯਰੂਸ਼ਲਮ ਦੀ ਕਲੀਸੀਆ ਦੇ ਆਗੂਆਂ ਨੂੰ ਇਸ ਗੱਲ ਦੀ ਤਸਦੀਕ ਕਰਦੇ ਸੁਣ ਲਿਆ ਕਿ ਸੁੰਨਤ ਅਤੇ ਸ਼ਰਾ ਦੀ ਪਾਲਣਾ ਕਰਨਾ ਜ਼ਰੂਰੀ **ਨਹੀਂ ਸੀ**।

(15) ਅਸੀਂ ਜਨਮ ਕਰਕੇ ਯਹੂਦੀ ਹਾਂ (ਮਤਲਬ ਕਿ ਉਨ੍ਹਾਂ ਕੋਲ ਸ਼ਰਾ ਸੀ ਅਤੇ ਉਹ ਇਸ ਤੇ ਚੱਲਣ ਦੀ ਕੋਸ਼ਿਸ਼ ਕਰਦੇ ਸਨ) ਅਤੇ ਪਰਾਈਆਂ ਕੌਮਾਂ ਵਿੱਚੋਂ ਪਾਪੀ ਨਹੀਂ; (ਜਿਨ੍ਹਾਂ ਕੋਲ ਸ਼ਰਾ ਨਹੀਂ ਸੀ ਜਾਂ ਜੋ ਸ਼ਰਾ ਨੂੰ ਨਹੀਂ ਮੰਨਦੇ ਸਨ)

- ਇਹ ਯਿਸੂ ਦੇ ਆਉਣ ਤੋਂ ਪਹਿਲਾਂ ਦੀ ਸਥਿਤੀ ਅਤੇ ਸੋਚ ਸੀ। ਪਰ ਯਿਸੂ ਨੇ ਆਣ ਕੇ ਇਸ ਗੱਲ ਨੂੰ ਪਰਗਟ ਕੀਤਾ ਕਿ ਮੁਕਤੀ ਕੇਵਲ ਨਿਹਚਾ ਜਾਂ ਵਿਸ਼ਵਾਸ ਰਾਹੀਂ ਹੈ (ਯੂਹੰਨਾ 3:16)।

(16) ਤਾਂ ਵੀ ਇਹ **ਜਾਣ ਕੇ** ਭਈ ਮਨੁੱਖ ਸ਼ਰਾ ਦੇ ਕੰਮਾਂ ਤੋਂ **ਨਹੀਂ ਸਗੋਂ ਨਿਰਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਧਰਮੀ ਠਹਿਰਾਇਆ ਜਾਂਦਾ** ਹੈ ਅਸਾਂ (ਯਹੂਦੀਆਂ) ਵੀ ਮਸੀਹ ਯਿਸੂ ਉੱਤੇ **ਨਿਹਚਾ ਕੀਤੀ ਭਈ** ਮਸੀਹ ਦੀ **ਨਿਹਚਾ ਤੋਂ**, **ਨਾ ਸ਼ਰਾ ਦੇ ਕੰਮਾਂ ਤੋਂ** ਧਰਮੀ ਠਹਿਰਾਏ ਜਾਈਏ ਕਿਉਂਕਿ **ਕੋਈ ਬਸ਼ਰ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ ਠਹਿਰਾਇਆ ਜਾਵੇਗਾ**।

- ਇਹ ਬਹੁਤ ਹੀ ਸਪੱਸ਼ਟ ਕਥਨ ਹੈ। ਧਰਮੀ ਠਹਿਰਾਏ ਜਾਣ ਦਾ ਅਰਥ ਹੈ: ਨਿਰਦੋਸ਼ ਅਤੇ ਧਰਮੀ ਐਲਾਨੇ ਜਾਣਾ।

(17) ਪਰ ਜੇ ਅਸੀਂ ਮਸੀਹ ਵਿੱਚ ਧਰਮੀ ਠਹਿਰਾਏ ਜਾਣ ਦੀ ਭਾਲ ਕਰਦਿਆਂ ਆਪ ਵੀ ਪਾਪੀ ਨਿੱਕਲੇ ਤਾਂ ਭਲਾ, ਮਸੀਹ ਪਾਪ ਦਾ ਸੇਵਾਦਾਰ ਹੋਇਆ? ਕਦੇ ਨਹੀਂ !

- ਪੌਲੁਸ ਆਖ ਰਿਹਾ ਹੈ ਕਿ ਜੇਕਰ ਧਰਮੀ ਠਹਿਰਾਏ ਜਾਣ ਲਈ ਹੁਣ ਮੈਂ ਮਸੀਹ ਉੱਤੇ ਨਿਰਭਰ ਹਾਂ ਅਤੇ ਮੈਨੂੰ ਪਤਾ ਲੱਗਾ ਗਿਆ ਕਿ ਮੈਂ ਵੀ ਗੈਰ-ਕੌਮਾਂ ਵਾਂਗ ਇੱਕ ਪਾਪੀ ਹਾਂ, ਜਦਕਿ ਪਹਿਲਾਂ ਇੱਕ ਯਹੂਦੀ ਹੁੰਦੇ ਹੋਏ ਮੈਂ ਆਪਣੇ ਆਪ ਨੂੰ ਪਾਪੀ ਨਹੀਂ ਸਮਝਦਾ ਸਾਂ, ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਮਸੀਹ ਨੇ ਮੈਨੂੰ ਪਾਪੀ ਬਣਾਇਆ? ਨਹੀਂ! ਕਦੇ ਨਹੀਂ ! ਇਵੇਂ ਸੋਚਣਾ ਮੂਰਖਤਾ ਹੈ ! (ਰੋਮੀਆਂ 6:1-2 ਵਾਂਗ ਇੱਥੇ ਵੀ ਪੌਲੁਸ ਉਸ ਦੇ ਵਿਰੋਧੀਆਂ ਵੱਲੋਂ ਉਸ ਉੱਤੇ ਲਗਾਏ ਗਏ ਝੂਠੇ ਦੋਸ਼ ਤੋਂ ਆਪਣਾ ਬਚਾਅ ਕਰ ਰਿਹਾ ਹੈ।)

(18) ਕਿਉਂਕਿ ਜੋ ਮੈਂ ਢਾਹ ਦਿੱਤਾ ਜੇ ਓਸੇ ਨੂੰ **ਫੇਰ ਬਣਾਵਾਂ** ਤਾਂ ਮੈਂ ਆਪਣੇ ਆਪ ਨੂੰ **ਅਪਰਾਧੀ** ਸਾਬਤ ਕਰਦਾ ਹਾਂ।

- ਪੌਲੁਸ ਕਹਿ ਰਿਹਾ ਹੈ ਕਿ ਜੇਕਰ ਕੋਈ ਵਿਅਕਤੀ ਧਰਮੀ ਠਹਿਰਾਏ ਜਾਣ ਲਈ ਪਹਿਲਾਂ ਮਸੀਹ ਉੱਤੇ ਵਿਸ਼ਵਾਸ ਕਰਦਾ ਹੈ ਅਤੇ ਫਿਰ ਵਾਪਸ ਸ਼ਰਾ ਨੂੰ ਮੰਨਣ ਲੱਗਦਾ ਹੈ ਕਿ ਇਹ ਉਸ ਨੂੰ ਧਰਮੀ ਠਹਿਰਾਏਗੀ ਤਾਂ ਸ਼ਰਾ ਵੱਲ ਵਾਪਸ ਮੁੜਨ ਦਾ ਇਹ ਫੈਸਲਾ ਉਸ ਦੇ ਗੁਨਾਹ ਦਾ ਸਬੂਤ ਹੈ। ਪੌਲੁਸ ਆਖ ਰਿਹਾ ਹੈ ਕਿ ਸ਼ਰਾ ਦਾ ਪ੍ਰਚਾਰ ਕਰਨ ਵਾਲੇ ਸ਼ਰਾ ਨੂੰ ਤੋੜਨ ਵਾਲੇ ਬਣ ਗਏ ਹਨ ਕਿਉਂਕਿ ਉਨ੍ਹਾਂ ਧਰਮੀ ਠਹਿਰਾਏ ਜਾਣ ਲਈ ਯਿਸੂ ਉੱਤੇ ਵਿਸ਼ਵਾਸ ਕਰਨਾ ਛੱਡ ਦਿੱਤਾ ਹੈ। ਕਿਉਂਕਿ . . .

(19) ਇਸ ਲਈ ਜੋ ਮੈਂ ਸ਼ਰਾ ਹੀ ਦੇ ਕਾਰਨ ਸ਼ਰਾ ਦੀ ਵੱਲੋਂ ਮੋਇਆ ਭਈ ਪਰਮੇਸ਼ੁਰ ਲਈ ਜੀਉਂਦਾ ਰਹਾਂ।

- ਪੌਲੁਸ ਦੇ ਕਹਿਣ ਦਾ ਮਤਲਬ ਹੈ ਕਿ ਉਹ ਫ਼ਰੀਸੀਆਂ ਦੀ ਇਸ ਨਿਯਮਵਾਦੀ ਸੋਚ ਲਈ ਸਦਾ ਵਾਸਤੇ ਮਰ ਗਿਆ ਹੈ ਕਿ ਉਹ ਪੂਰੀ ਲਗਨ ਨਾਲ ਸ਼ਰਾ ਦੀ ਪਾਲਣਾ ਕਰਕੇ ਆਪਣੇ ਆਪ ਨੂੰ ਬਚਾ ਸਕਦਾ ਹੈ। ਮੁਕਤੀ ਬਾਰੇ ਜੋ ਕਨੂੰਨਵਾਦੀ ਸੋਚ ਹੈ ਉਸ ਲਈ ਉਹ ਸਦਾ ਵਾਸਤੇ ਮਰ ਚੁੱਕਾ ਹੈ। ਉਸ ਦੇ ਲਈ ਹੁਣ ਕਿਰਪਾ ਅਤੇ ਕਿਰਪਾ ਹੀ ਸਭ ਕੁਝ ਹੈ, ਉਹ ਕਿਰਪਾ ਜਿਸ ਨੂੰ ਉਹ ਕਦੇ ਵੀ "ਪਰੇ ਨਹੀਂ ਕਰੇਗਾ" (2:21)!

  ਰੋਮੀਆਂ 7:4 ਸੋ ਮੇਰਿਓ ਭਰਾਵੋ **ਤੁਸੀਂ ਵੀ** ਮਸੀਹ ਦੀ ਦੇਹੀ ਦੇ ਵਸੀਲੇ ਨਾਲ **ਸ਼ਰਾ ਦੇ ਸਰਬੰਧੋਂ ਮਰ ਗਏ**

  ਅਫ਼ਸੀਆਂ 2:14-15 ਕਿਉਂ ਜੋ ਉਹ ਨੇ . . . **ਵੈਰ ਵਿਰੋਧ ਵਾਲੀ** ਜੁਦਾਈ ਦੀ ਕੰਧ ਨੂੰ **ਢਾਹ ਦਿੱਤਾ ਅਤੇ ਸ਼ਰਾ ਨੂੰ ਬਿਧੀਆਂ ਅਤੇ ਕਨੂਨਾਂ ਸਣੇ ਅਕਾਰਥ ਕਰ ਦਿੱਤਾ**

(20) ਮੈਂ ਮਸੀਹ ਦੇ ਲਈ ਸਲੀਬ **ਦਿੱਤਾ ਗਿਆ ਹਾਂ** ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ **ਮਸੀਹ ਮੇਰੇ ਵਿੱਚ ਜੀਉਂਦਾ** ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ **ਨਿਹਚਾ ਨਾਲ ਭੋਗਦਾ** ਹਾਂ ਜਿਹ ਨੇ **ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ**। (21) ਮੈਂ ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਨਹੀਂ ਕਰਦਾ ਕਿਉਂਕਿ **ਜੇ ਸ਼ਰਾ ਦੇ ਰਾਹੀਂ ਧਰਮ ਪਰਾਪਤ ਹੁੰਦਾ ਤਾਂ ਮਸੀਹ ਐਵੇਂ ਹੀ ਮੋਇਆ।**

- **ਸਲੀਬ ਦਿੱਤਾ ਗਿਆ ਹਾਂ** ਇੱਥੇ ਜੋ ਕਿਰਿਆ ਹੈ ਉਹ "ਪੂਰਣਕਾਲਕ" ਹੈ ਜਿਸ ਦਾ ਅਰਥ ਹੈ ਕਿ ਬੀਤੇ ਸਮੇਂ ਵਿੱਚ ਹੋ ਚੁੱਕਿਆ ਕੰਮ (ਜਦੋਂ ਮਸੀਹ ਸਲੀਬ ਚੜ੍ਹਾਇਆ ਗਿਆ) ਅਤੇ ਜਿਸ ਦੇ ਨਤੀਜੇ ਹੁਣ ਤਕ ਜਾਰੀ ਹਨ, ਅਰਥਾਤ ਕਿ ਮੈਂ ਹਾਲੇ ਵੀ ਸਲੀਬ ਦਿੱਤਾ ਹੋਇਆ ਹਾਂ – ਮੁਰਦਾ

  ਰੋਮੀਆਂ 5:8 ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਕਿ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ**। **ਇਸ ਕਰਕੇ ਅਸੀਂ ਮਰ ਚੁੱਕੇ ਹਾਂ !**

  ਇਹ ਸਚਾਈ ਪੂਰੇ ਵਚਨ ਵਿੱਚ ਪਾਈ ਜਾਣ ਵਾਲੀ ਬਹੁਤ ਹੀ ਮਹੱਤਵਪੂਰਣ ਸਿੱਖਿਆ ਹੈ।

  1 ਕੁਰਿੰਥੀਆਂ 15: 45 **ਪਹਿਲਾ ਮਨੁੱਖ ਆਦਮ** (ਉਸ ਤੋਂ ਪੈਦਾ ਹੋਣ ਵਾਲੇ ਸਭਨਾਂ ਦਾ "ਪਹਿਲਾ" ਜਾਂ "ਸਿਰ") ਜੀਉਂਦੀ ਜਾਨ ਹੋਇਆ, ("ਉਸੇ ਤੋਂ" ਅਸੀਂ ਵੀ ਜੀਉਂਦੀ ਜਾਨ ਹੋ ਗਏ) **ਛੇਕੜਲਾ ਆਦਮ** (ਉਸ ਤੋਂ ਪੈਦਾ ਹੋਣ ਵਾਲੇ ਸਭਨਾਂ ਦਾ "ਸਿਰ") ਜੀਵਨ ਦਾਤਾ ਆਤਮਾ ਹੋਇਆ। (ਉਸ ਤੋਂ ਪੈਦਾ ਹੋਣ ਵਾਲੇ ਸਭਨਾਂ ਨੂੰ ਜੀਵਨ ਦਾ ਆਤਮਾ ਮਿਲਿਆ)

  1 ਕੁਰਿੰਥੀਆਂ 15:47 **ਪਹਿਲਾ ਮਨੁੱਖ** ਮਿੱਟੀ ਦਾ ਬਣਿਆ। **ਦੂਜਾ ਮਨੁੱਖ** ਸੁਰਗੋਂ ਹੈ।

  ਇਨ੍ਹਾਂ ਦੋਹਾਂ ਵਿੱਚੋਂ ਜਿਹੜਾ ਵੀ ਤੁਹਾਡਾ "ਸਿਰ" ਹੈ, ਭਾਵ ਕਿ **"ਜਿਸ ਤੋਂ ਵੀ ਤੁਸੀਂ ਹੋ"** ਜੋ ਉਸ ਨਾਲ ਵਾਪਰਦਾ ਹੈ, ਉਹੋ ਤੁਹਾਡੇ ਨਾਲ ਵਾਪਰਦਾ ਹੈ, ਜਾਂ ਉਹੋ ਤੁਹਾਡੇ ਤੇ ਵੀ ਲਾਗੂ ਹੁੰਦਾ ਹੈ। ਉਦਾਹਰਣ ਲਈ:

ਰੋਮੀਆਂ 5:12 ਇਸ ਲਈ ਜਿਵੇਂ **ਇੱਕ ਮਨੁੱਖ** ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰਾਂ **ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ** ਏਸ ਲਈ ਜੋ ਸਭਨਾਂ ਨੇ ਪਾਪ ਕੀਤਾ।

- "ਪਾਪ ਕੀਤਾ" ਲਈ ਜੋ ਯੂਨਾਨੀ ਸ਼ਬਦ ਹੈ ਉਹ ਭੂਤਕਾਲ ਵਿੱਚ ਹੈ; ਜਿਸ ਦਾ ਅਰਥ ਹੈ ਕਿ "ਪਾਪ ਕਰਨ" ਦੀ ਕਿਰਿਆ ਅਤੀਤ ਵਿੱਚ ਕਿਸੇ ਸਮੇਂ ਕੀਤੀ ਗਈ। ਅਰਥਾਤ – **ਜਦੋਂ** ਸਾਡੀ ਮਨੁੱਖਜਾਤੀ ਦੇ "ਸਿਰ" **ਆਦਮ ਨੇ ਪਾਪ ਕੀਤਾ ਤਾਂ ਸਭਨਾਂ ਨੇ ਪਾਪ ਕੀਤਾ।**

- ਇਹ ਸਚਾਈ ਸਾਨੂੰ ਪੌਲੁਸ ਦੇ ਇਸ ਕਥਨ ਨੂੰ ਸਾਫ਼-ਸਾਫ਼ ਸਮਝਣ ਵਿੱਚ ਮਦਦ ਕਰਦੀ ਹੈ: ਮੈਂ ਮਸੀਹ ਦੇ ਨਾਲ ਸਲੀਬ **ਦਿੱਤਾ ਗਿਆ ਹਾਂ।** ਇੱਕ ਵਿਸ਼ਵਾਸੀ ਦੇ ਤੌਰ ਤੇ ਪੌਲੁਸ ਯਿਸੂ ਮਸੀਹ ਦੇ "ਸ਼੍ਰੋਮਣੀ" ਇਖ਼ਤਿਆਰ ਦੇ ਅਧੀਨ ਸੀ। ਸੋ ਜੋ ਯਿਸੂ ਨਾਲ ਵਾਪਰਿਆ ਉਹੋ ਪੌਲੁਸ ਤੇ ਵੀ ਲਾਗੂ ਹੈ – ਅਤੇ ਉਹੋ ਸਭਨਾਂ ਵਿਸ਼ਵਾਸੀਆਂ ਤੇ ਵੀ ਲਾਗੂ ਹੈ !

  1 ਕੁਰਿੰਥੀਆਂ 5:14 . . . **ਇੱਕ ਸਭਨਾਂ ਦੇ ਲਈ** ਮੋਇਆ, **ਇਸੇ ਕਰਕੇ ਸੱਭੇ ਮੋਏ . . .**

  ਸੋ ਪੌਲੁਸ ਇਹ ਕਹਿ ਸਕਦਾ ਹੈ: ਮੈਂ ਮਸੀਹ ਦੇ ਨਾਲ ਸਲੀਬ **ਦਿੱਤਾ ਗਿਆ ਹਾਂ।**
  ਅਤੇ ਹਰ ਵਿਸ਼ਵਾਸੀ ਵੀ ਇਹ ਕਹਿ ਸਕਦਾ ਹੈ: ਮੈਂ ਮਸੀਹ ਦੇ ਨਾਲ ਸਲੀਬ **ਦਿੱਤਾ ਗਿਆ ਹਾਂ।**

  1 ਕੁਰਿੰਥੀਆਂ 15:22 ਇਸ ਤਰਾਂ **ਆਦਮ ਵਿੱਚ** ਸੱਭੇ ਮਰਦੇ ਹਨ ਉਸੇ ਤਰਾਂ **ਮਸੀਹ ਵਿੱਚ** ਸੱਭੇ ਜੁਆਏ ਜਾਣਗੇ।

  ਸੋ ਯਿਸੂ ਦੀ ਮੌਤ ਪੌਲੁਸ ਦੀ ਮੌਤ ਸੀ ਅਤੇ ਯਿਸੂ ਦਾ ਪੁਨਰਉੱਥਾਨ ਪੌਲੁਸ ਦਾ ਪੁਨਰਉੱਥਾਨ ਸੀ। ਤਾਂ ਹੀ ਉਹ ਇਹ ਕਹਿ ਸਕਦਾ ਹੈ: ਹੁਣ ਤੋਂ ਮੈਂ ਤਾਂ ਨਹੀਂ, ਸਗੋਂ **ਮਸੀਹ ਹੈ ਜੋ ਮੇਰੇ ਵਿੱਚ ਜੀਉਂਦਾ ਹੈ**

  ਇਹੋ ਗੱਲ ਹਰੇਕ ਵਿਸ਼ਵਾਸੀ ਲਈ ਵੀ ਸੱਚ ਹੈ !

ਇਸ ਸਚਾਈ ਤੇ ਅਮਲ ਕਰਨ ਨਾਲ – ਇਸ ਸਚਾਈ ਨੂੰ ਆਪਣੇ ਜੀਵਨ ਦੀ ਹਕੀਕਤ ਬਣਾਉਣ ਨਾਲ - ਤੁਸੀਂ ਹਰ ਚੀਜ਼ ਤੋਂ ਅਜ਼ਾਦੀ ਅਤੇ ਜਿੱਤ ਪਾ ਸਕਦੇ ਹੋ।

ਉਦਾਹਰਣ ਲਈ: ਜੇਕਰ ਤੁਸੀਂ ਕਿਸੇ ਮਰੇ ਹੋਏ ਇਨਸਾਨ ਨੂੰ ਮਾਰੋ-ਕੁੱਟ ਜਾਂ ਠੁੱਡ ਮਾਰੋ ਅਤੇ ਸਰਾਪ ਦਿਓ ਤਾਂ ਉਹ ਕੀ ਕਰੇਗਾ? ਕੋਈ ਹਰਕਤ ਨਹੀਂ ! ਤੁਸੀਂ **ਮਸੀਹ ਦੇ ਨਾਲ ਸਲੀਬ ਦਿੱਤੇ ਗਏ** ਹੋ ਸੋ ਤੁਸੀਂ ਮਰ ਚੁੱਕੇ ਹੋ। **ਪਰ ਮਸੀਹ ਤੁਹਾਡੇ** ਵਿੱਚ **ਜੀਉਂਦਾ ਹੈ** ਪਰ ਕੇਵਲ ਤਾਂ **ਜੇਕਰ**:

1. ਤੁਸੀਂ "ਜਾਣਦੇ" ਹੋ ਕਿ ਤੁਸੀਂ ਮਰ ਚੁੱਕੇ ਹੋ (ਰੋਮੀਆਂ 6:6-9 ਵੀ ਵੇਖੋ) ਅਤੇ

2. ਤੁਸੀਂ ਇਸ ਸਚਾਈ ਤੇ "ਅਮਲ" ਕਰਦੇ ਹੋ – ਇਸ ਨੂੰ ਆਪਣੇ ਜੀਵਨ ਦੀ ਹਕੀਕਤ ਬਣਾਉਂਦੇ ਹੋ (ਰੋਮੀਆਂ 6:11) – ਅਰਥਾਤ "ਆਪਣੀ ਸਲੀਬ ਉਠਾ ਕੇ ਚੱਲਦੇ ਹੋ," ਤਦ ਹੀ . . .

3. "ਮਸੀਹ ਤੁਹਾਡੇ ਵਿੱਚ ਜੀ ਸਕਦਾ ਹੈ" ਅਤੇ **ਉਹ** ਦੂਸਰੀ ਗੱਲ੍ਹ ਅੱਗੇ ਕਰ ਦੇਵੇਗਾ, ਆਪਣਾ ਕੁੜਤਾ ਉਤਾਰ ਕੇ ਦੇ ਦੇਵੇਗਾ, ਇੱਕ ਮੀਲ ਹੋਰ ਚੱਲੇਗਾ।

ਜਦੋਂ ਵੀ ਕੋਈ ਤੁਹਾਨੂੰ ਕਿਸੇ ਵੀ ਤਰ੍ਹਾਂ ਦੁਖ ਦੇਵੇ ਤਾਂ ਜਵਾਬ ਦੇਣ ਤੋਂ ਪਹਿਲਾਂ ਪਵਿੱਤਰ ਆਤਮਾ ਨੂੰ **ਕਹੋ** ਕਿ ਉਹ ਤੁਹਾਨੂੰ ਗਲਾਤੀਆਂ 2:20 **ਯਾਦ ਕਰਾਵੇ**।

ਇੱਕ ਹੋਰ ਵਚਨ ਜਿਸ ਨੂੰ ਮੂੰਹਜ਼ਬਾਨੀ ਯਾਦ ਕਰਨ ਨਾਲ ਤੁਹਾਨੂੰ ਮਦਦ ਮਿਲੇਗੀ ਉਹ ਹੈ: 1 ਪਤਰਸ 2:21-23

- **ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ**, **ਆਪਣੇ ਕੰਮਾਂ ਉੱਤੇ ਨਿਹਚਾ ਨਾਲ ਨਹੀਂ**। ਜੇਕਰ ਤੁਸੀਂ "ਯਿਸੂ ਉੱਤੇ ਨਿਹਚਾ ਨਾਲ" ਨਹੀਂ ਜੀਉਂਦੇ ਤਾਂ ਤੁਸੀਂ **ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਕਰਦੇ ਹੋ**। ਅਕਾਰਥ ਕਰਨ ਦਾ ਅਰਥ ਹੈ ਕਿ ਤੁਸੀਂ ਇਸ ਕਿਰਪਾ ਨੂੰ ਰੱਦ ਕਰਦੇ ਹੋ ਅਤੇ ਇਸ ਨੂੰ ਆਪਣੇ ਲਈ ਨਿਕੰਮੀ ਬਣਾਉਂਦੇ ਹੋ, ਜਿਸ ਦਾ ਮਤਲਬ ਇਹ ਹੈ ਕਿ ਜੇਕਰ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਕਿ **ਧਰਮ ਸ਼ਰਾ ਦੇ ਰਾਹੀਂ ਪਰਪਾਤ ਹੁੰਦਾ ਹੈ** ਤਾਂ **ਮਸੀਹ ਐਵੇਂ ਹੀ ਮੋਇਆ**।

- ਜਿਹ ਨੇ **ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।** ਇਸ ਸਚਾਈ ਨੂੰ ਜਾਣਨਾ ਅਤੇ ਇਸ ਤੇ ਵਿਸ਼ਵਾਸ ਕਰਨਾ – ਕਿ ਉਹ ਤੁਹਾਨੂੰ ਪਿਆਰ ਕਰਦਾ ਹੈ ਅਤੇ ਉਸ ਨੇ ਤੁਹਾਡੇ ਪਾਪ ਚੁੱਕ ਲਏ ਅਤੇ ਤੁਹਾਡੀ ਥਾਂ ਤੁਹਾਡੇ ਲਈ ਮਰ ਗਿਆ, ਇਹ ਪਰਮੇਸ਼ੁਰ ਦੇ ਪੁੱਤਰ ਯਿਸੂ ਉੱਤੇ ਨਿਹਚਾ ਅਤੇ ਭਰੋਸਾ ਕਰਨ ਲਈ ਇੱਕ ਪ੍ਰੇਰਣਾ ਹੈ।

ਗਲਾਤੀਆਂ 3 ਅਧਿਆਏ ਵਿੱਚ ਗਲਾਤੀਆਂ ਸਾਹਮਣੇ ਇਹ **ਸਾਬਤ ਕਰਨ ਲਈ ਪੰਜ ਦਲੀਲਾਂ** ਦਿੱਤੀਆਂ ਗਈਆਂ ਹਨ ਕਿ ਮੁਕਤੀ ਸ਼ਰਾ ਤੋਂ ਨਹੀਂ, ਨਿਹਚਾ ਤੋਂ ਹੈ।

## ਦਲੀਲ 1: ਨਿਹਚਾ ਹੀ ਧਾਰਮਿਕਤਾ ਨੂੰ ਲਿਆਉਂਦੀ ਹੈ

ਗਲਾਤੀਆਂ 3:1-5 ਹੇ ਮੂਰਖ ਗਲਾਤੀਓ, ਕਿਹ ਨੇ ਤੁਹਾਡੇ ਉੱਤੇ ਜਾਦੂ ਪਾ ਲਏ ਜਿਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਯਿਸੂ ਮਸੀਹ ਸਲੀਬ ਉੱਤੇ ਚਾੜ੍ਹਿਆ ਹੋਇਆ ਸਰੀਹਣ ਪਰਸਿੱਧ ਕੀਤਾ ਗਿਆ?

- ਹੇ ਮੂਰਖ ਗਲਾਤੀਓ ਪੌਲੁਸ ਉਨ੍ਹਾਂ ਨੂੰ "ਮੂਰਖ" ਆਖਦਾ ਹੋਇਆ ਬੜੇ ਸਖ਼ਤ ਸ਼ਬਦਾਂ ਵਿੱਚ ਗੱਲ ਕਰਦਾ ਹੈ
- ਕਿਹ ਨੇ, ਭਾਵ ਕਿ ਤੁਸੀਂ ਕਿਸ ਦੀ ਗੱਲ ਸੁਣ ਰਹੇ ਹੋ? ਮੇਰੇ ਤੋਂ ਇਲਾਵਾ ਹੋਰ ਕੌਣ ਹੈ ਜੋ ਇਸ ਯੋਗ ਹੈ ਕਿ ਤੁਹਾਨੂੰ ਸਚਾਈ ਦੀ ਸਿੱਖਿਆ ਦੇ ਸਕੇ?
- ਜਾਦੂ ਪਾ ਲਏ ਦਾ ਅਰਥ ਹੈ ਕਿ ਧੋਖੇ ਜਾਂ ਝਾਂਸੇ ਵਿੱਚ ਆ ਕੇ ਕਿਸੇ ਅਜਿਹੀ ਗੱਲ ਤੇ ਵਿਸ਼ਵਾਸ ਕਰਨ ਲੱਗ ਜਾਣਾ ਜੋ ਸਹੀ ਨਹੀਂ ਹੈ।

(2) ਮੈਂ ਤੁਹਾਥੋਂ ਨਿਰਾ ਇੰਨਾ ਮਲੂਮ ਕਰਨਾ ਚਾਹੁੰਦਾ ਹਾਂ ਭਈ ਤੁਹਾਨੂੰ ਸ਼ਰਾ ਦੇ ਕੰਮਾਂ ਤੋਂ ਆਤਮਾ ਪਰਾਪਤ ਹੋਇਆ ਅਥਵਾ **ਨਿਹਚਾ ਦੇ ਸੁਨੇਹੇ** ਤੋਂ?

- ਗੈਰ-ਕੌਮ ਦੇ ਲੋਕ ਹੋਣ ਕਰਕੇ ਇਹ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਆਤਮਾ ਸ਼ਰਾ ਦੇ ਕੰਮਾਂ ਤੋਂ ਪਰਾਪਤ ਨਹੀਂ ਹੋਇਆ ਸੀ ਕਿਉਂਕਿ ਉਹ ਤਾਂ ਸ਼ਰਾ ਨੂੰ ਜਾਣਦੇ ਵੀ ਨਹੀਂ ਸਨ।

- ਨਾਲ ਹੀ, ਦੂਸਰੀ ਆਇਤ ਵਿੱਚ ਪੁੱਛਿਆ ਗਿਆ ਸਵਾਲ ਇਸ ਤਰੀਕੇ ਨਾਲ ਪੁੱਛਿਆ ਗਿਆ ਹੈ ਕਿ ਉਨ੍ਹਾਂ ਦੁਆਰਾ "ਆਤਮਾ ਨੂੰ ਪਰਾਪਤ ਕਰਨਾ," ਜੋ ਕਿ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਨਵਾਂ ਜਨਮ ਪਾਉਂਦਾ ਹੈ, ਇੱਕ ਬਹੁਤ ਹੀ ਦਿਲਚਸਪ ਘਟਨਾ ਅਤੇ ਜਾਣਿਆ-ਪਛਾਣਿਆ ਮੌਕਾ ਸੀ ਜਿਸ ਕਰਕੇ, ਵਿਸ਼ਵਾਸ ਕਰਨ ਸਮੇਂ ਉਨ੍ਹਾਂ ਦੇ ਮਨਾਂ ਵਿੱਚ ਕੋਈ ਸ਼ੱਕ ਨਹੀਂ ਸੀ।

ਸੋ ਹੋ ਸਕਦਾ ਹੈ ਕਿ ਉਹ "ਆਤਮਾ ਨਾਲ ਭਰੇ ਗਏ" ਹੋਣ ਅਤੇ ਪੰਤੇਕੁਸਤ ਦੇ ਦਿਨ ਜਾਂ ਕੁਰਨੇਲਿਯੁਸ ਦੇ ਘਰ ਦੀ ਘਟਨਾ (ਰਸੂਲਾਂ ਦੇ ਕਰਤੱਬ 10:44-46) ਵਾਂਗ ਗੈਰ ਭਾਖਿਆਂ ਵੀ ਬੋਲੀਆਂ ਹੋਣ।

- ਨਿਹਚਾ ਦਾ ਸੁਨੇਹਾ   ਇਸ ਗੱਲ ਤੇ ਖਾਸ ਧਿਆਨ ਦਿਓ: **ਨਿਹਚਾ ਸੁਣਦੀ ਹੈ** !

  ਅਤੇ ਨਿਹਚਾ ਪ੍ਰਭੂ ਵੱਲੋਂ ਦਿੱਤੀ ਜਾਣ ਵਾਲੀ ਦਾਤ ਹੈ।

  ਰੋਮੀਆਂ 12:3  ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ **ਵੰਡ ਦਿੱਤੀ** ਹੈ।

  2 ਪਤਰਸ 1:1  ਉਨ੍ਹਾਂ ਨੂੰ ਜਿਹੜੇ ਸਾਡੇ ਸਮਾਨ ਅਮੋਲਕ **ਨਿਹਚਾ ਨੂੰ ਪਰਾਪਤ ਹੋਏ** ਹਨ
  ਅਫ਼ਸੀਆਂ 2:8 ਕਿਉਂ ਜੋ ਤੁਸੀਂ ਕਿਰਪਾ ਤੋਂ **ਨਿਹਚਾ** ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, **ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ।**
  - (ਜੇਮੀਏਸਨ, ਫਾਸੈਟ ਅਤੇ ਬਰਾਊਨ ਕਮੈਂਟਰੀ: **ਸ਼ਬਦ "ਇਹ" ਦਾ ਸੰਬੰਧ ਨਿਹਚਾ ਨਾਲ ਹੈ**।)

ਅਸੀਂ ਪ੍ਰਭੂ ਦੀ ਗੱਲ ਇਸ ਕਰਕੇ ਸੁਣਦੇ ਹਾਂ ਕਿਉਂਕਿ ਉਸ ਨੇ ਸਾਨੂੰ ਉਹ ਨਿਹਚਾ ਦਿੱਤੀ ਹੈ ਜਿਹੜੀ ਸੁਣਦੀ ਹੈ।

ਯੂਹੰਨਾ 10:3 ਉਹ ਦੇ ਲਈ ਦਰਬਾਨ ਖੋਲ੍ਹ ਦਿੰਦਾ ਹੈ ਅਤੇ **ਭੇਡਾਂ ਉਹ ਦਾ ਬੋਲ ਸੁਣਦੀਆਂ ਹਨ** ਅਤੇ **ਉਹ ਆਪਣੀਆਂ ਭੇਡਾਂ ਨੂੰ ਨਾਉਂ ਲੈ ਲੈ ਕੇ ਬੁਲਾਉਂਦਾ ਹੈ** ਅਰ ਉਨ੍ਹਾਂ ਨੂੰ ਬਾਹਰ ਲੈ ਜਾਂਦਾ ਹੈ।

- ਜਦੋਂ ਪ੍ਰਭੂ ਨੇ ਪਹਿਲੀ ਵਾਰ ਤੁਹਾਡਾ ਨਾਮ ਲੈ ਕੇ ਅਵਾਜ਼ ਦਿੱਤੀ ਤਾਂ ਨਿਹਚਾ ਦੇ ਦਾਨ ਕਰਕੇ ਹੀ ਤੁਸੀਂ ਉਸ ਦੀ ਅਵਾਜ਼ ਦਾ ਉੱਤਰ ਦਿੱਤਾ ਅਤੇ ਨਵਾਂ ਜਨਮ ਪਾਇਆ।

ਯੂਹੰਨਾ 10:4  ਜਦ ਉਹ ਆਪਣੀ ਸਾਰੀਆਂ ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ **ਭੇਡਾਂ ਉਹ ਦੇ ਮਗਰ ਮਗਰ ਲੱਗੀਆਂ ਜਾਂਦੀਆਂ ਹਨ ਕਿਉਂ ਜੋ ਓਹ ਉਸ ਦੀ ਅਵਾਜ਼ ਪਛਾਣਦੀਆਂ** ਹਨ।

ਯੂਹੰਨਾ 10:27  **ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ** ਅਰ **ਮੈਂ ਉਨ੍ਹਾਂ ਨੂੰ ਸਿਆਣਦਾ** ਹਾਂ ਅਤੇ **ਓਹ ਮੇਰੇ ਮਗਰ ਲੱਗੀਆਂ ਆਉਂਦੀਆਂ** ਹਨ।

ਯੂਹੰਨਾ 8:43-44  **ਤੁਸੀਂ** ਮੇਰੇ ਬੋਲ **ਕਿਉਂ ਨਹੀਂ ਸਮਝਦੇ ?** ਇਸੇ ਲਈ **ਜੋ ਮੇਰਾ ਬਚਨ ਸੁਣ ਨਹੀਂ ਸੱਕਦੇ।** [44]ਤੁਸੀਂ ਆਪਣੇ ਪਿਉ ਸ਼ਤਾਨ **ਤੋਂ** ਹੋ

ਯੂਹੰਨਾ 8:47  **ਜੋ ਪਰਮੇਸ਼ੁਰ "ਤੋਂ" ਹੈ ਸੋ ਪਰਮੇਸ਼ੁਰ ਦੇ ਬਚਨ ਸੁਣਦਾ ਹੈ**। ਤੁਸੀਂ ਇਸੇ ਕਾਰਨ ਨਹੀਂ ਸੁਣਦੇ ਜੋ ਤੁਸੀਂ ਪਰਮੇਸ਼ੁਰ **ਤੋਂ** ਨਹੀਂ ਹੋ।

- **"ਤੋਂ"** ἐκ **ek** (ਏਕ) ਸ਼ੁਰੂਆਤੀ ਸ੍ਰੋਤ ਨੂੰ ਦੱਸਦਾ ਹੈ, ਜਿਸ ਤੋਂ ਜਾਂ ਜਿਸ ਵਿੱਚੋਂ ਸਾਰਾ ਕੰਮ ਜਾਂ ਕਿਰਿਆ ਸ਼ੁਰੂ ਜਾਂ ਅਰੰਭ ਹੁੰਦੀ ਹੈ।

(3) ਕੀ ਤੁਸੀਂ ਇਹੋ ਜਿਹੇ **ਮੂਰਖ** ਹੋ ? ਭਲਾ, ਆਤਮਾ ਦੁਆਰਾ ਅਰੰਭ ਕਰ ਕੇ ਤੁਸੀਂ ਹੁਣ ਸਰੀਰ ਦੁਆਰਾ **ਸਮਾਪਤ ਕਰਦੇ** ਹੋ?

- ਪੌਲੁਸ ਪਹਿਲਾਂ ਹੀ ਇਸ ਗੱਲ ਨੂੰ ਸਾਬਤ ਕਰ ਚੁੱਕਿਆ ਸੀ ਕਿ ਮਨੁੱਖ ਸ਼ਰਾ ਦੇ ਕੰਮਾਂ ਤੋਂ **ਨਹੀਂ** ਸਗੋਂ **ਨਿਰਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਧਰਮੀ ਠਹਿਰਦਾ** ਹੈ, (ਗਲਾਤੀਆਂ 2:16) ਅਤੇ ਹੁਣ ਉਹ ਇਹ ਸਾਬਤ ਕਰ ਰਿਹਾ ਹੈ ਕਿ ਸ਼ਰਾ ਕਿਸੇ ਨੂੰ **ਪਵਿੱਤਰ** ਜਾਂ **ਸਿੱਧ** ਵੀ **ਨਹੀਂ ਬਣਾ ਸਕਦੀ।**

- ਆਤਮਾ ਦੁਆਰਾ ਅਰੰਭ ਕਰ ਕੇ – ਜਿਸ ਕੰਮ ਨੂੰ ਆਤਮਾ ਸ਼ੁਰੂ ਕਰਦਾ ਹੈ ਉਹ ਆਤਮਾ ਦਾ ਹੀ ਕੰਮ ਹੈ ਅਤੇ ਉਹੋ ਇਸ ਨੂੰ ਪੂਰਾ ਕਰੇਗਾ।

- ਪੌਲੁਸ ਕਹਿ ਰਿਹਾ ਹੈ ਕਿ ਉਹ ਕੋਈ **ਮੂਰਖ** ਹੀ ਹੋਵੇਗਾ ਜੋ ਇਹ ਸੋਚਦਾ ਹੈ ਕਿ ਉਹ ਪਵਿੱਤਰ ਆਤਮਾ ਦਾ ਕੰਮ ਕਰ ਸਕਦਾ ਹੈ ਅਤੇ **ਸਿੱਧ** ਜੀਵਨ ਜੀ ਸਕਦਾ ਹੈ।

(4) ਕੀ ਤੁਸੀਂ ਐਨਿਆਂ ਦੁਖਾਂ ਨੂੰ ਐਵੇਂ ਹੀ ਝੱਲਿਆ ਜੇ ਸੱਚੀ ਮੁੱਚੀ ਐਵੇਂ ਭੀ ਹੋਵੇ!

- ਇਸ ਕਥਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਆਪਣੇ ਵਿਸ਼ਵਾਸ ਦੇ ਕਾਰਨ ਉਨ੍ਹਾਂ ਨੇ ਮਖੌਲ, ਤਿਰਸਕਾਰ ਅਤੇ ਸ਼ਾਇਦ ਸਰੀਰਕ ਬਦਸਲੂਕੀ ਨੂੰ ਵੀ ਝੱਲਿਆ ਸੀ। ਸੋ ਹੁਣ ਜੇਕਰ ਉਹ **ਨਿਹਚਾ ਤੋਂ ਹਟ ਕੇ** "ਸ਼ਰਾ ਦੇ ਕੰਮਾਂ" ਵੱਲ ਮੁੜਦੇ ਹਨ ਤਾਂ ਇਹ ਸਾਰਾ ਦੁਖ ਝੱਲਣਾ ਐਵੇਂ ਹੀ ਜਾਵੇਗਾ। ਇਸ ਨਾਲ ਉਨ੍ਹਾਂ ਦੀ ਮੂਰਖਤਾ ਵਿੱਚ ਹੀ ਵਾਧਾ ਹੋਵੇਗਾ।

- ਪੌਲੁਸ ਫਿਰ ਅੱਗੇ ਆਖਦਾ ਹੈ: ਜੇ ਸੱਚੀ ਮੁੱਚੀ ਐਵੇਂ ਭੀ ਹੋਵੇ ! ਇਹ ਆਖ ਕੇ ਉਹ ਉਨ੍ਹਾਂ ਨੂੰ ਇਹ ਮਹਿਸੂਸ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ "ਇਹ ਸਭ ਐਵੇਂ ਹੀ **ਨਹੀਂ** ਸੀ" ਕਿਉਂਕਿ ਜਦੋਂ ਉਨ੍ਹਾਂ ਨੇ "ਆਤਮਾ ਪ੍ਰਾਪਤ ਕੀਤਾ" ਤਾਂ ਜੋ ਤਜਰਬਾ ਉਨ੍ਹਾਂ ਨੂੰ ਹੋਇਆ ਉਹ ਅਸਲੀ ਸੀ ਜਿਸ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਇੱਕ ਚੰਗਾ ਅਤੇ ਨਾਟਕੀ ਬਦਲਾਵ ਹੋਇਆ। ਸੋ ਹੁਣ ਆਤਮਾ ਤੋਂ ਮੂੰਹ ਮੋੜਨ ਦੀ ਵਜ੍ਹਾ ਕੀ ਹੈ?

ਫਿਰ ਆਪਣੀ ਦਲੀਲ ਨੂੰ ਮੁਕੰਮਲ ਕਰਦੇ ਹੋਏ ਪੌਲੁਸ ਪੁੱਛਦਾ ਹੈ:

(5) ਫੇਰ **ਜਿਹੜਾ ਤੁਹਾਨੂੰ** ਆਤਮਾ **ਦਿੰਦਾ** ਅਤੇ ਤੁਹਾਡੇ ਵਿੱਚ **ਕਰਾਮਾਤਾਂ ਵਿਖਾਉਂਦਾ** ਹੈ ਸੋ ਸ਼ਰਾ ਦੇ ਕੰਮਾਂ ਤੋਂ ਯਾ **ਨਿਹਚਾ ਦੇ ਸੁਨੇਹੇ** ਤੋਂ ਇਹ ਕਰਦਾ ਹੈ?

- "ਆਤਮਾ ਅਤੇ ਚਮਤਕਾਰ ਪ੍ਰਾਪਤ ਕਰਨਾ" ਕੋਈ ਅਜਿਹੀ ਚੀਜ਼ ਨਹੀਂ ਸੀ ਜਿਸ ਨੂੰ ਕਿ ਮਨੁੱਖ ਆਪਣੀ ਸ਼ਕਤੀ ਨਾਲ ਹਾਸਲ ਕਰ ਸਕੇ, ਬਲਕਿ ਇਹ ਤਾਂ ਪ੍ਰਭੂ ਦਾ ਕੰਮ ਹੈ। "ਸ਼ਰਾ ਨੂੰ ਮੰਨਣ" ਨਾਲ ਕਦੇ ਇਸ ਤਰ੍ਹਾਂ ਨਹੀਂ ਹੋਇਆ ਸੀ ਅਤੇ ਗਲਾਤੀ ਲੋਕ ਤਾਂ ਗੈਰ-ਜਾਤੀ ਸਨ ਜੋ ਸ਼ਰਾ ਨੂੰ ਨਹੀਂ ਮੰਨਦੇ। ਸੋ ਇਹ ਸਾਫ਼ ਸੀ ਕਿ ਇਹ ਕੰਮ **ਨਿਹਚਾ ਦੇ ਸੁਨੇਹੇ** (ਸ਼ਾਬਦਿਕ ਯੂਨਾਨੀ ਅਨੁਵਾਦ) ਦੁਆਰਾ ਹੀ ਹੋਇਆ ਸੀ।

- ਇਸ ਦਾ ਅਰਥ ਇਹ ਹੈ – ਉਹ **ਨਿਹਚਾ** ਜੋ ਪ੍ਰਭੂ ਨੇ ਦਿੱਤੀ ਹੈ (ਨੰਬਰ 1) ਉਹ ਪ੍ਰਭੂ ਦੀ ਗੱਲ ਨੂੰ **ਸੁਣਦੀ** ਹੈ ਅਤੇ (ਨੰਬਰ 2) **ਸੁਣਕੇ ਮੰਨਦੀ ਹੈ ਅਤੇ ਫਿਰ ਚਮਤਕਾਰ ਹੁੰਦੇ ਹਨ।**

- ਹਰ ਵਿਸ਼ਵਾਸੀ ਕੋਲ ਨਿਹਚਾ ਹੈ। ਇਸ ਲਈ ਹਰ ਵਿਸ਼ਵਾਸੀ ਸੁਣਦਾ ਹੈ। ਇਸੇ ਕਰਕੇ ਹਰੇਕ ਵਿਸ਼ਵਾਸੀ ਜਿਹੜੀਆਂ ਗੱਲਾਂ ਪ੍ਰਭੂ ਵੱਲੋਂ ਸੁਣਦਾ ਹੈ ਅਤੇ ਜਦੋਂ ਉਨ੍ਹਾਂ ਨੂੰ ਮੰਨਦਾ, ਬੋਲਦਾ ਅਤੇ ਕਰਦਾ ਹੈ ਤਾਂ ਉਸ ਨੂੰ ਚਮਤਕਾਰਾਂ ਅਤੇ ਅਚੰਭਿਆਂ ਦੀ ਆਸ ਰੱਖਣੀ ਚਾਹੀਦੀ ਹੈ ਅਤੇ ਇਹ ਹੋਣੇ ਚਾਹੀਦੇ ਹਨ।

ਰਸੂਲਾਂ ਦੇ ਕਰਤਬ 4: 29-30 ਅਤੇ ਹੁਣ ਹੇ ਪ੍ਰਭੂ . . . ਆਪਣੇ ਦਾਸਾਂ ਨੂੰ ਇਹ ਬਖ਼ਸ਼ ਕਿ ਅੱਤ ਦਲੇਰੀ ਨਾਲ **ਤੇਰਾ ਬਚਨ ਸੁਣਾਉਣ।** 30 ਜਦੋਂ ਤੂੰ ਆਪਣਾ ਹੱਥ **ਚੰਗਾ ਕਰਨ ਨੂੰ** ਲੰਮਾ ਕਰੇਂ ਅਤੇ ਤੇਰੇ ਪਵਿੱਤ੍ਰ ਸੇਵਕ ਯਿਸੂ ਦੇ ਨਾਮ ਤੋਂ **ਨਿਸ਼ਾਨ ਅਤੇ ਅਚੰਭੇ** ਪਰਗਟ ਹੋਣ।

## ਦਲੀਲ 2: ਅਬਰਾਹਾਮ ਨਿਹਚਾ ਦੁਆਰਾ ਧਰਮੀ ਠਹਿਰਾਇਆ ਗਿਆ

ਗਲਾਤੀਆਂ 3:6 ਜਿਵੇਂ ਅਬਰਾਹਾਮ ਨੇ **ਪਰਮੇਸ਼ੁਰ ਦੀ ਪਰਤੀਤ ਕੀਤੀ** ਅਤੇ ਇਹ ਉਹ ਦੇ ਲਈ ਧਰਮ (ਉਤਪਤ 15:6) ਗਿਣੀ ਗਈ (ਲੇਖੇ ਲਾਈ ਗਈ ਜਾਂ ਲਾਗੂ ਕੀਤੀ ਗਈ)।

- **ਪਰਮੇਸ਼ੁਰ ਦੀ ਪਰਤੀਤ ਕੀਤੀ** ਪਰਤੀਤ ਕੀਤੀ ਨਾਂਵ ਨਿਹਚਾ ਦੀ ਕਿਰਿਆ (ਜਾਂ ਕਿਰਿਆਸ਼ੀਲ ਸ਼ਬਦ) ਹੈ। (ਨਿਹਚਾ ਨਾਂਵ ਹੈ ਅਤੇ ਪਰਤੀਤ ਉਸੇ ਯੂਨਾਨੀ ਸ਼ਬਦ ਦੀ ਕਿਰਿਆ ਹੈ) ਅਤੇ ਉਸ ਦੇ **ਕੰਮਾਂ** (ਪਰਤੀਤ / ਅਮਲ ਕਰਨ) ਦੇ ਨਤੀਜੇ ਵੱਜੋਂ **ਨਿਹਚਾ ਸੰਪੂਰਣ ਹੋਈ** (ਯਾਕੂਬ 2:22) **ਕਿਉਂਕਿ** . . . ਅਮਲਾਂ ਬਾਝੋਂ ਨਿਹਚਾ ਮੁਰਦਾ ਹੈ। ਕੋਈ ਕੰਮ (ਅਮਲ) ਨਹੀਂ ਕੀਤਾ ਗਿਆ (ਯਾਕੂਬ 2:26)

- ਅਬਰਾਹਾਮ ਵੀ ਇਨ੍ਹਾਂ ਗਲਾਤੀ ਵਿਸ਼ਵਾਸੀਆਂ ਵਾਂਗ ਸੀ। ਉਹ "ਕਸਦੀਆਂ ਦੇ ਊਰ" ਵਿੱਚ ਰਹਿੰਦਾ ਸੀ (ਉਤਪਤ 11:28) ਜੋ ਕਿ ਇੱਕ ਮੂਰਤੀਪੂਜਕ ਦੇਸ਼ ਸੀ ਅਤੇ ਅਬਰਾਹਾਮ ਦੇ ਪਿਤਾ ਅਤੇ ਪਰਿਵਾਰ ਬਾਰੇ ਇਹ ਦੱਸਿਆ ਗਿਆ ਹੈ ਕਿ "ਓਹ ਦੂਜੇ ਦੇਵਤਿਆਂ ਦੀ ਉਪਾਸਨਾ ਕਰਦੇ ਸਨ" (ਯਹੋਸ਼ੁਆ 24:2)। **ਅਬਰਾਹਾਮ ਕੋਲ ਕੋਈ ਸ਼ਰਾ ਨਹੀਂ ਸੀ ਅਤੇ ਇਸ ਕਰਕੇ ਉਹ ਇਸ ਦੀ ਪਾਲਣਾ ਨਹੀਂ ਕਰਦਾ ਸੀ।** ਪ੍ਰਭੂ ਨੇ ਉਸ ਨੂੰ **ਚੁਣਿਆ** ਅਤੇ **ਸੱਦਿਆ** ਅਤੇ ਜੋ ਪਰਕਾਸ਼ਨ ਉਸ ਨੂੰ ਮਿਲਿਆ ਉਸ ਵਿੱਚ ਉਹ ਪ੍ਰਭੂ ਵੱਲੋਂ **ਆਪਣੀ ਨਿਹਚਾ, ਆਪਣੀ ਪਰਤੀਤ ਦੇ ਕਾਰਨ "ਧਰਮੀ" ਠਹਿਰਾਇਆ ਗਿਆ** ਅਤੇ ਅਬਰਾਮ ਜਿਵੇਂ **ਯਹੋਵਾਹ** ਉਹ ਨੂੰ ਬੋਲਿਆ ਸੀ **ਚੱਲਿਆ** (ਪਰਤੀਤ ਕੀਤੀ / ਅਮਲ ਕੀਤਾ)। (ਉਤਪਤ 12:4)

  ਸੋ ਇਸ ਕਰਕੇ, ਉਹ . . . ਉਨ੍ਹਾਂ ਸਭਨਾਂ ਦਾ ਪਿਤਾ ਹੈ ਜੋ ਸਾਡੇ ਪਿਤਾ ਅਬਰਾਹਾਮ ਦੀ . . . **ਨਿਹਚਾ** (ਅਮਲ) **ਦੀ ਚਾਲ** ਚੱਲਦੇ ਹਨ। ਰੋਮੀਆਂ 4:12

(7) ਸੋ **ਜਾਣ ਛੱਡੋ** ਭਈ **ਜਿਹੜੇ ਪਰਤੀਤ ਵਾਲੇ** ਹਨ ਓਹੋ ਅਬਰਾਹਾਮ ਦੇ **ਪੁੱਤ੍ਰ** ਹਨ।

- ਯਹੂਦੀ ਆਪਣੇ ਆਪ ਨੂੰ ਅਬਰਾਹਾਮ ਦਾ ਵੰਸ਼ ਮੰਨਦੇ ਸਨ, (ਮੁਸਲਮਾਨ ਵੀ ਆਪਣੇ ਆਪ ਨੂੰ ਅਬਰਾਹਾਮ ਦਾ ਹੀ ਵੰਸ਼ ਮੰਨਦੇ ਹਨ ਪਰ ਦੂਸਰੀ ਮਾਂ ਤੋਂ) ਜਿਸ ਕਰਕੇ ਨਿਹਚਾ ਰਾਹੀਂ ਅਬਰਾਹਾਮ ਦੇ ਪੁੱਤਰ ਹੋਣ ਦਾ ਇਹ ਵਿਚਾਰ ਉਦੋਂ ਵੀ ਠੋਕਰ ਦਾ ਇੱਕ ਵੱਡਾ ਕਾਰਨ ਸੀ ਅਤੇ ਅੱਜ ਵੀ ਹੈ। ਪਰ ਪ੍ਰਭੂ ਦੀ ਦ੍ਰਿਸ਼ਟੀ ਵਿੱਚ ਇਹੋ ਸਹੀ ਹੈ – ਉਸ ਦਾ ਪਰਿਵਾਰ ਤਾਂ ਨਿਹਚਾ ਦਾ ਪਰਿਵਾਰ ਹੈ।

- ਪੌਲੁਸ ਰੋਮੀਆਂ ਨੂੰ ਲਿਖੀ ਆਪਣੀ ਪੱਤ੍ਰੀ ਵਿੱਚ ਵੀ (ਰੋਮੀਆਂ 4) ਇਸ ਵਿਸ਼ੇ ਤੇ ਬਹੁਤ ਵਿਸਤਾਰ ਨਾਲ ਗੱਲ ਕਰਦੇ ਹੋਏ ਆਖਦਾ ਹੈ ਕਿ "ਅਬਰਾਹਾਮ ਸਾਰੇ ਨਿਹਚਾ ਕਰਨ ਵਾਲਿਆਂ ਦਾ ਪਿਤਾ ਹੈ" ਅਤੇ ਸੱਭੇ ਵਿਸ਼ਵਾਸੀ ਉਸ ਦੇ "ਪੁੱਤ੍ਰ" ਹਨ।

(8) ਅਤੇ ਧਰਮ ਪੁਸਤਕ ਨੇ ਅੱਗਿਓਂ ਇਹ ਵੇਖ ਕੇ ਭਈ **ਪਰਮੇਸ਼ੁਰ ਪਰਾਈਆਂ ਕੌਮਾਂ ਨੂੰ ਨਿਹਚਾ ਦੇ ਰਾਹੀਂ ਧਰਮੀ ਠਹਿਰਾਵੇਗਾ** ਅਬਰਾਹਾਮ ਨੂੰ ਅੱਗੋਂ ਹੀ ਇਹ **ਖੁਸ਼ ਖਬਰੀ** ਸੁਣਾਈ ਭਈ ਸਭ ਕੌਮਾਂ (ਯੂਨਾਨੀ – ਏਥਨੋਸ: ਗੈਰ-ਯਹੂਦੀ ਲੋਕ, ਇੱਕ ਜਾਤੀ) ਤੇਰੇ ਵਿੱਚ ਮੁਬਾਰਕ ਹੋਣਗੀਆਂ (ਉਤਪਤ 12:3)।

- ਇਹ ਬਹੁਤ ਹੀ ਮਹੱਤਵਪੂਰਣ ਹੈ ਕਿਉਂਕਿ ਗੈਰ-ਕੌਮਾਂ ਨੂੰ **ਖੁਸ਼ਖ਼ਬਰੀ** ਦੁਆਰਾ **ਨਿਹਚਾ ਰਾਹੀਂ ਧਰਮੀ ਠਹਿਰਾਉਣਾ** ਸ਼ੁਰੂ ਤੋਂ ਹੀ **ਪ੍ਰਭੂ** ਦੀ ਯੋਜਨਾ ਸੀ।

- **ਸ਼ਰਾ** ਮੂਸਾ ਦੇ ਰਾਹੀਂ 400 ਸਾਲ ਤੋਂ ਵੀ ਵਧੀਕ ਸਮੇਂ ਬਾਅਦ ਆਈ ਅਤੇ ਇਸ ਦਾ **ਉਦੇਸ਼ ਇਹ ਸੀ**:

  1. **ਸਾਨੂੰ ਇਹ ਵਿਖਾਉਣ ਲਈ ਕਿ ਅਸੀਂ ਕਿੰਨੇ ਪਾਪੀ ਹਾਂ। ਸਾਨੂੰ ਧਰਮੀ ਠਹਿਰਾਉਣ ਲਈ ਨਹੀਂ।**
     ਰੋਮੀਆਂ 7:7 ਸਗੋਂ ਸ਼ਰਾ ਤੋਂ ਬਿਨਾ ਮੈਂ **ਪਾਪ ਨੂੰ ਨਾ ਪਛਾਣਦਾ** ਕਿਉਂਕਿ ਜੇ ਸ਼ਰਾ ਨਾ ਕਹਿੰਦੀ ਭਈ ਲੋਭ ਨਾ ਕਰ ਤਾਂ ਮੈਂ ਲੋਭ ਨੂੰ ਨਾ ਜਾਣਦਾ। (8) ਪਰ ਪਾਪ ਨੇ ਦਾਉ ਪਾ ਕੇ ਹੁਕਮਨਾਮੇ ਦੇ ਕਾਰਨ ਮੇਰੇ ਵਿੱਚ ਹਰ ਪਰਕਾਰ ਦਾ ਲੋਭ ਪੈਦਾ ਕੀਤਾ ਕਿਉਂ ਜੋ ਸ਼ਰਾ ਦੇ ਬਾਝੋਂ ਪਾਪ ਮੁਰਦਾ ਹੈ। (9) ਅਤੇ ਮੈਂ ਅੱਗੇ ਸ਼ਰਾ ਦੇ ਬਾਝੋਂ ਜੀਉਂਦਾ ਸਾਂ ਪਰ ਜਦ ਹੁਕਮਨਾਮਾ ਆਇਆ ਤਦ ਪਾਪ ਜੀ ਪਿਆ ਅਤੇ ਮੈਂ ਮਰ ਗਿਆ। (10) ਅਤੇ ਉਹ ਹੁਕਮਨਾਮਾ ਜਿਹੜਾ ਜੀਵਨ ਦੇ ਲਈ ਸੀ ਉਹੋ ਮੇਰੇ ਲਈ ਮੌਤ ਦਾ ਕਾਰਨ ਵਿਖਾਈ ਦਿੱਤਾ।

  2. **ਅਤੇ ਇਹ ਕਿ ਸਾਨੂੰ ਇੱਕ ਮੁਕਤੀਦਾਤੇ ਦੀ ਲੋੜ ਹੈ।** ਗਲਾਤੀਆਂ 3:24

(9) ਸੋ **ਜਿਹੜੇ ਨਿਹਚਾ ਵਾਲੇ** ਹਨ ਓਹ ਨਿਹਚਾਵਾਨ ਅਬਰਾਹਾਮ ਦੇ ਨਾਲ **ਮੁਬਾਰਕ** ਹਨ।

- **ਮੁਬਾਰਕ** ਇਸ ਕਰਕੇ ਕਿਉਂਕਿ ਅਸੀਂ **ਨਿਹਚਾ ਦੁਆਰਾ**, ਵਿਸ਼ਵਾਸ ਕਰਨ ਦੁਆਰਾ **ਧਰਮੀ ਠਹਿਰਾਏ ਗਏ** ਹਾਂ। ਜਿਵੇਂ ਕਿ ਉਤਪਤ 12:2 ਵਿੱਚ ਉਸ ਨੇ ਅਬਰਾਹਾਮ ਨੂੰ ਕਿਹਾ: **"ਮੈਂ ਤੈਨੂੰ ਅਸੀਸ ਦਿਆਂਗਾ . . . ਅਰ ਤੂੰ ਬਰਕਤ ਦਾ ਕਾਰਨ ਹੋ।"** ਸਾਡੇ ਉੱਤੇ ਇਹ ਜ਼ਿੰਮੇਦਾਰੀ ਹੈ ਕਿ ਅਸੀਂ ਇਸ ਖੁਸ਼ਖ਼ਬਰੀ, ਇੰਜੀਲ ਨੂੰ ਵੰਡਣ ਦੁਆਰਾ ਦੂਸਰਿਆਂ ਲਈ **"ਬਰਕਤ ਦਾ ਕਾਰਨ"** ਬਣੀਏ **ਕਿ ਅਸੀਂ ਸ਼ਰਾ ਦੇ ਕੰਮਾਂ ਤੋਂ ਨਹੀਂ, ਬਲਕਿ ਨਿਹਚਾ ਤੋਂ ਧਰਮੀ ਠਹਿਰਾਏ ਜਾਂਦੇ ਹਾਂ ।**

## ਦਲੀਲ 3: ਸ਼ਰਾ ਸਰਾਪ ਨੂੰ ਲਿਆਉਂਦੀ ਹੈ

ਗਲਾਤੀਆਂ 3:10 ਕਿਉਂਕਿ ਜਿੰਨੇ ਸ਼ਰਾ ਦੇ ਕੰਮਾਂ **ਉੱਤੇ** ਭਰੋਸਾ ਰੱਖਦੇ ਹਨ ਓਹ ਸਰਾਪ ਦੇ ਹੇਠਾਂ ਹਨ ਕਿਉਂ ਜੋ ਇਹ ਲਿਖਿਆ ਹੋਇਆ ਹੈ ਕਿ **ਸਰਾਪਤ ਹੋਵੇ** ਹਰੇਕ ਜਿਹੜਾ ਉਨ੍ਹਾਂ **ਸਭਨਾਂ** ਗੱਲਾਂ **ਦੇ ਕਰਨ ਵਿੱਚ** ਜਿਹੜੀਆਂ ਸ਼ਰਾ ਦੇ ਪੁਸਤਕ ਵਿੱਚ ਲਿਖੀਆਂ ਹਨ ਲੱਗਾ ਨਹੀਂ ਰਹਿੰਦਾ। (ਬਿਵਸਥਾ ਸਾਰ 27:26)

- ਉਪਰੋਕਤ ਆਇਤ ਹਰ ਉਸ ਵਿਅਕਤੀ ਉੱਤੇ ਇੱਕ **ਬੜਾ** ਗੰਭੀਰ ਦੋਸ਼ ਹੈ ਜੋ ਆਪਣੀ ਸਦੀਪਕ ਮੁਕਤੀ ਲਈ ਸ਼ਰਾ ਉੱਤੇ ਆਸ ਰੱਖਦਾ ਹੈ। ਕਿਉਂਕਿ ਕੋਈ ਵੀ ਇਨਸਾਨ ਉਨ੍ਹਾਂ **ਸਭਨਾਂ** ਗੱਲਾਂ **ਦੇ ਕਰਨ ਵਿੱਚ** ਜਿਹੜੀਆਂ ਸ਼ਰਾ ਦੇ ਪੁਸਤਕ ਵਿੱਚ ਲਿਖੀਆਂ ਹਨ ਲੱਗਾ ਨਹੀਂ ਰਹਿ ਸਕਦਾ ਜਾਂ ਇਨ੍ਹਾਂ ਨੂੰ ਪੂਰਾ ਨਹੀਂ ਕਰ ਸਕਦਾ।

(11) ਹੁਣ ਇਹ ਗੱਲ ਪਰਗਟ ਹੈ ਕਿ ਪਰਮੇਸ਼ੁਰ ਦੇ ਅੱਗੇ **ਸ਼ਰਾ ਤੋਂ ਧਰਮੀ ਕੋਈ ਨਹੀਂ ਠਹਿਰਦਾ** ਇਸ ਲਈ ਜੋ ਧਰਮੀ ਨਿਹਚਾ ਤੋਂ ਜੀਉਂਦਾ ਰਹੇਗਾ।

- ਪੁਰਾਣੇ ਨੇਮ ਵਿੱਚ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਇਹ ਗੱਲ ਸੱਚ ਹੈ। (ਹਬੱਕੂਕ 2:4)

12 ਅਤੇ **ਸ਼ਰਾ ਨੂੰ ਨਿਹਚਾ ਨਾਲ ਕੁਝ ਵਾਸਤਾ ਨਹੀਂ** ਸਗੋਂ ਜਿਹ ਨੇ ਓਹਨਾਂ ਹੁਕਮਾਂ ਦੀ ਪਾਲਨਾ ਕੀਤੀ ਸੋ ਓਹਨਾਂ ਤੋਂ ਜੀਉਂਦਾ ਰਹੇਗਾ। (ਲੇਵੀਆਂ 18:5)

- ਪੌਲੁਸ ਇਸੇ ਗੱਲ ਦਾ ਸਬੂਤ **ਰੋਮੀਆਂ 10:5** ਵਿੱਚ ਵੀ ਦਿੰਦਾ ਹੈ: (4) ਕਿਉਂ ਜੋ **ਧਰਮ ਲਈ ਮਸੀਹ ਹਰੇਕ ਨਿਹਚਾ ਕਰਨ ਵਾਲੇ ਦੇ ਲਈ ਸ਼ਰਾ ਦਾ ਅੰਤ ਹੈ।** (5) ਮੂਸਾ ਲਿਖਦਾ ਹੈ ਭਈ ਜਿਹੜਾ ਮਨੁੱਖ ਉਸ ਧਰਮ ਨੂੰ ਪੂਰਿਆਂ ਕਰਦਾ ਜੋ ਸ਼ਰਾ ਤੋਂ ਹੈ ਉਹ ਉਸ ਨਾਲ ਜੀਵੇਗਾ।

- ਪਰ ਇਸ ਧਾਰਮਿਕਤਾ ਨੂੰ ਹਾਸਲ ਕਰਨਾ ਅਣਹੋਣਾ ਹੈ ਕਿਉਂਕਿ ਕੋਈ ਵੀ ਇਨਸਾਨ ਪੂਰੀ ਤਰ੍ਹਾਂ ਸ਼ਰਾ ਦੀ ਪਾਲਣਾ ਨਹੀਂ ਕਰ ਸਕਦਾ। ਜਿਵੇਂ ਕਿ ਯਿਸੂ ਨੇ ਮੱਤੀ 5:20 ਵਿੱਚ ਕਿਹਾ: ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਜੇ ਤੁਹਾਡਾ ਧਰਮ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਧਰਮ **ਨਾਲੋਂ ਵੱਧ** ਨਾ ਹੋਵੇ (ਉਹ ਗਲਤ ਸਾਬਤ ਹੋਏ, ਜਿਵੇਂ ਕਿ ਯਿਸੂ ਨੇ ਬਹੁਤ ਵਾਰ ਇਸ ਗੱਲ ਨੂੰ ਉਜਾਗਰ ਕੀਤਾ। ਮੱਤੀ 23:13-29) ਤਾਂ ਤੁਸੀਂ ਸੁਰਗ ਦੇ ਰਾਜ ਵਿੱਚ ਕਿਸੇ ਬਿਧ ਨਾ ਵੜੋਗੇ।

ਸਾਡੇ ਕੋਲ ਵੀ ਉਹ ਸਿੱਧ ਧਾਰਮਿਕਤਾ ਨਹੀਂ ਸੀ, ਉਹ ਧਾਰਮਿਕਤਾ ਜਿਸ ਬਾਰੇ ਸ਼ਰਾ ਵਿੱਚ ਦੱਸਿਆ ਗਿਆ ਹੈ ਅਤੇ ਅਸੀਂ ਮੌਤ ਦੇ ਸਰਾਪ ਦੇ ਹੇਠ ਸਾਂ। ਪਰ ਖੁਸ਼ਖ਼ਬਰੀ ਇਹ ਹੈ:

(13) ਮਸੀਹ ਨੇ ਸਾਨੂੰ ਮੁੱਲ ਲੈ ਕੇ **ਸ਼ਰਾ ਦੇ ਸਰਾਪ ਤੋਂ ਛੁਡਾਇਆ** ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ। ਬਿਵਸਥਾ ਸਾਰ 21:22-23)

- ਸ਼ਬਦ **ਛੁਡਾਇਆ** ਯੂਨਾਨੀ ਭਾਸ਼ਾ ਦਾ *exagorazō* (ਏਕਸਾਗੋਰਾਜ਼ੋ) ਸ਼ਬਦ ਹੈ ਜੋ *ek* (ਏਕਸ) ਅਤੇ ਇਸ ਦੇ ਨਾਲ *agorazō* (ਆਗੋਰਾਜ਼ੋ) ਨੂੰ ਜੋੜ ਕੇ ਬਣਦਾ ਹੈ: *ek* (ਏਕਸ) – "ਵਿੱਚੋਂ" ਜਾਂ "ਹਟਾਉਣਾ" ਅਤੇ ਆਗੋਰਾਜ਼ੋ – "ਮੁੱਲ ਲੈਣਾ ਜਾਂ ਖਰੀਦਣਾ" ਅਤੇ "ਮੁੱਲ ਜਾਂ ਕੀਮਤ ਤਾਰ ਕੇ ਕਿਸੇ ਵਿਅਕਤੀ ਜਾਂ ਵਸਤੂ ਉੱਤੇ ਮਾਲਕੀ ਦਾ ਹੱਕ ਹਾਸਲ ਕਰਨਾ।"

ਯਿਸੂ ਮਸੀਹ ਨੇ ਇੱਕ ਪਾਪ ਰਹਿਤ ਧਰਮੀ ਜੀਵਨ ਬਿਤਾ ਕੇ **ਸਾਡੇ ਲਈ ਸ਼ਰਾ ਨੂੰ ਪੂਰਿਆਂ ਕਰ ਦਿੱਤਾ** ਅਤੇ **ਆਪਣੀ ਮੌਤ** ਦੇ ਰਾਹੀਂ ਉਸ ਨੇ **ਸਾਨੂੰ ਆਪਣੇ ਲਹੂ ਨਾਲ ਖਰੀਦ ਕੇ "ਸ਼ਰਾ ਦੇ ਸਰਾਪ" ਹੇਠੋਂ ਬਾਹਰ ਕੱਢ ਲਿਆ।**

- ਇਸੇ ਕਰਕੇ ਸਾਨੂੰ ਸਾਰੀ ਜ਼ਿੰਦਗੀ ਸਿੱਧਤਾ ਨਾਲ ਸ਼ਰਾ ਨੂੰ ਪੂਰਿਆਂ ਕਰਨ ਦੀ ਲੋੜ ਨਹੀਂ ਹੈ। -

ਅਤੇ ਯਿਸੂ ਮਸੀਹ ਨੇ **ਸਾਡੀ ਖ਼ਾਤਰ** ਸਲੀਬ ਉੱਤੇ **ਆਪਣੀ ਮੌਤ** ਦੇ ਰਾਹੀਂ **ਪਾਪ ਦੀ ਕੀਮਤ ਚੁਕਾਈ: ਇਹ ਕੀਮਤ ਚੁਕਾ ਕੇ ਉਸ ਨੇ ਸਾਨੂੰ ਖਰੀਦ ਲਿਆ ਅਤੇ ਮੌਤ ਦੇ ਸਰਾਪ ਹੇਠੋਂ ਬਾਹਰ ਕੱਢ ਲਿਆ।**

ਮਸੀਹ ਨੇ **ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ** !

ਹਾਲੇਲੂਯਾਹ !

ਮਸੀਹ ਨੇ ਸਾਨੂੰ "ਪਾਪ ਦੀ ਮਜਦੂਰੀ" – ਮੌਤ - ਤੋਂ ਛੁਡਾ ਲਿਆ ਅਤੇ ਸਾਨੂੰ ਜੀਵਨ ਦੇ ਦਿੱਤਾ। (ਰੋਮੀਆਂ 6:23; 5:6, 8; ਯੂਹੰਨਾ 11:25-26; 14:19)

(14) **ਭਈ ਅਬਰਾਹਮ ਦੀ ਬਰਕਤ** ਮਸੀਹ ਯਿਸੂ **ਵਿੱਚ ਪਰਾਈਆਂ ਕੌਮਾਂ ਉੱਤੇ ਹੋਵੇ** ਤਾਂ ਜੋ ਅਸੀਂ ਉਸ **ਆਤਮਾ ਦੇ ਬਚਨ** ਨੂੰ **ਨਿਹਚਾ** ਦੇ ਰਾਹੀਂ **ਪਰਾਪਤ** ਕਰੀਏ।

- **ਨਿਹਚਾ ਰਾਹੀਂ ਧਾਰਮਿਕਤਾ** ਹੀ **ਅਬਰਾਹਾਮ ਦੀ ਬਰਕਤ** ਸੀ

  ਰੋਮੀਆਂ 4:3 ਕਿਉਂ ਜੋ ਧਰਮ ਪੁਸਤਕ ਕੀ ਕਹਿੰਦਾ ਹੈ? ਇਹ ਜੋ ਅਬਰਾਹਾਮ ਨੇ **ਪਰਮੇਸ਼ੁਰ ਦੀ ਪਰਤੀਤ ਕੀਤੀ** ਅਤੇ ਇਹ ਉਹ ਦੇ ਲਈ **ਧਰਮ** ਗਿਣੀ ਗਈ।

  ਰੋਮੀਆਂ 4:9 ਉਪਰੰਤ **ਇਹ ਧੰਨ ਹੋਣਾ**, ਕੀ ਸੁੰਨਤੀਆਂ ਦੇ ਲਈ ਅਥਵਾ ਅਸੁੰਨਤੀਆਂ ਦੇ ਲਈ ਵੀ ਹੈ? ਕਿਉਂ ਜੋ ਅਸੀਂ ਆਖਦੇ ਹਾਂ ਭਈ **ਅਬਰਾਹਾਮ ਦੇ ਲਈ** ਉਹ ਦੀ **ਨਿਹਚਾ ਧਰਮ ਗਿਣੀ ਗਈ** ਸੀ।

- **ਬਰਕਤ . . . ਪਰਾਈਆਂ ਕੌਮਾਂ ਉੱਤੇ** ਹੋਵੇ

  ਰੋਮੀਆਂ 4:16 16 ਇਸ ਕਾਰਨ **ਉਹ ਨਿਹਚਾ ਤੋਂ ਹੋਇਆ** ਭਈ **ਕਿਰਪਾ ਦੇ ਅਨੁਸਾਰ** ਠਹਿਰੇ ਇਸ ਲਈ ਜੋ **ਕਰਾਰ ਸਾਰੀ ਅੰਸ** ਦੇ ਲਈ **ਪੱਕਾ ਰਹੇ**, ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ ਸ਼ਰਾ ਵਾਲੀ ਹੈ ਪਰੰਤੂ ਉਹ ਦੇ ਲਈ ਭੀ **ਜਿਹੜੀ ਅਬਰਾਹਾਮ ਜਹੀ ਨਿਹਚਾ** ਰੱਖਦੀ ਹੈ ਉਹ ਅਸਾਂ ਸਭਨਾਂ ਦਾ ਪਿਤਾ ਹੈ।

- **ਆਤਮਾ ਦੇ ਬਚਨ** ਨੂੰ **ਨਿਹਚਾ** ਦੇ ਰਾਹੀਂ **ਪਰਾਪਤ ਕਰੀਏ।** ਸ਼ਰਾ ਦੇ ਰਾਹੀਂ ਨਹੀਂ।

  ਰਸੂਲਾਂ ਦੇ ਕਰਤਬ 2:38-39 ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ **ਪਵਿੱਤ੍ਰ ਆਤਮਾ ਦਾ ਦਾਨ ਪਾਓਗੇ।** (39) ਕਿਉਂਕਿ **ਇਹ ਕਰਾਰ ਤੁਹਾਡੇ** ਅਰ ਤੁਹਾਡੇ ਬਾਲਕਾਂ ਦੇ **ਨਾਲ** ਹੈ ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ।

## ਦਲੀਲ 4: ਚਿਰਸਥਾਈ ਨਿਹਚਾ ਬਨਾਮ ਅਸਥਾਈ ਸ਼ਰਾ

ਗਲਾਤੀਆਂ 3:15-29

(15) ਹੇ ਭਰਾਵੋ, ਮੈਂ ਮਨੁੱਖ ਵਾਂਙੁ ਬੋਲਦਾ ਹਾਂ- ਭਾਵੇਂ ਮਨੁੱਖ ਦਾ ਵਸੀਅਤ ਨਾਮਾ ਹੀ ਹੋਵੇ ਪਰ ਜਾਂ ਉਹ ਪੱਕਾ ਹੋ ਗਿਆ ਤਾਂ **ਕੋਈ ਉਸ ਵਿੱਚ ਨਾ ਭੰਗ ਪਾਉਂਦਾ ਨਾ ਵਾਧਾ ਕਰਦਾ ਹੈ।**

- ਪੌਲੁਸ ਆਖ ਰਿਹਾ ਹੈ ਕਿ ਅਸੀਂ ਇੱਕ ਦੂਜੇ ਨਾਲ ਕੀਤੇ ਜਾਣ ਵਾਲੇ ਇਕਰਾਰਾਂ ਅਤੇ ਨੇਮਾਂ ਦਾ ਆਦਰ ਕਰਦੇ ਹਾਂ ਅਤੇ ਇਨ੍ਹਾਂ ਪ੍ਰਤੀ ਵਫ਼ਾਦਾਰ ਰਹਿੰਦੇ ਹਾਂ।

(16) ਹੁਣ ਅਬਰਾਹਾਮ ਅਤੇ **ਉਸ ਦੀ ਅੰਸ** ਨੂੰ **ਬਚਨ** ਦਿੱਤੇ ਗਏ ਸਨ। ਉਹ ਨਹੀਂ ਕਹਿੰਦਾ, ਅੰਸਾਂ ਨੂੰ, ਜਿਵੇਂ ਬਾਹਲਿਆਂ ਦੇ ਲਈ ਪਰ ਜਿਵੇਂ ਇੱਕ ਦੇ ਲਈ ਕਹਿੰਦਾ ਹੈ ਅਰਥਾਤ **ਤੇਰੀ ਅੰਸ** ਨੂੰ, **ਸੋ ਉਹ ਮਸੀਹ ਹੈ।**

- ਪੌਲੁਸ ਇੱਥੇ ਉਤਪਤ ਦੀ ਪੁਸਤਕ ਵਿੱਚੋਂ ਗੱਲ ਕਰ ਰਿਹਾ ਹੈ: ਉਤਪਤ 22:17-18 ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਰ ਮੈਂ ਤੇਰੀ **ਅੰਸ** ਨੂੰ ਅਕਾਸ਼ ਦੇ ਤਾਰਿਆ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ ਅੱਤ ਵਧਾਵਾਂਗਾ ਅਰ ਤੇਰੀ **ਅੰਸ** ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜਾ ਕਰੇਗੀ। (18) ਅਤੇ ਤੇਰੀ **ਅੰਸ** ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ।

  ਜਦੋਂ ਵਚਨ ਇਹ ਆਖਦਾ ਹੈ "ਮੈਂ ਤੇਰੀ **ਅੰਸ** ਨੂੰ ਅਕਾਸ਼ ਦੇ **ਤਾਰਿਆਂ** ਜਿੰਨੀਂ ਅਰ . . . **ਰੇਤ** ਵਾਂਙੁ ਅੱਤ ਵਧਾਵਾਂਗਾ ਅਰ ਤੇਰੀ **ਅੰਸ ਆਪਣੇ** ਵੈਰੀਆਂ ਦੇ ਫਾਟਕ ਉੱਤੇ ਕਬਜਾ ਕਰੇਗੀ" ਤਾਂ ਇਹ ਦੋਵੇਂ ਮਿਸਾਲਾਂ ਬਹੁਵਚਨ ਵਿੱਚ ਹੋਣ ਕਰਕੇ ਯਕੀਨੀ ਤੌਰ ਤੇ ਲੋਕਾਂ ਦੀ ਹੀ ਗੱਲ ਹੈ।

ਪਰ ਜਦੋਂ ਵਚਨ ਇਹ ਆਖਦਾ ਹੈ (18) ਅਤੇ ਤੇਰੀ **ਅੰਸ** ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ। ਤਾਂ ਪੌਲੁਸ ਇਸ ਦੀ ਪ੍ਰੇਰਣਾਦਾਇਕ ਵਿਆਖਿਆ ਦਿੰਦਾ ਹੈ ਕਿ ਇਹ **ਮਸੀਹ** ਬਾਰੇ ਹੀ ਹੈ।

ਸੋ ਇਸ ਤਰ੍ਹਾਂ ਕਰਦੇ ਹੋਏ ਪੌਲੁਸ ਇਸ "ਅੰਸ" ਨੂੰ ਉਸ "ਸੰਤਾਨ" ਨਾਲ ਨਾਲ ਜੋੜਦਾ ਹੈ ਜਿਸ ਦੀ ਪਰਤਿੱਗਿਆ ਉਤਪਤ 3:15 ਵਿੱਚ ਕੀਤੀ ਗਈ ਹੈ: ਅਤੇ ਤੇਰੇ (ਸੱਪ) ਤੇ ਤੀਵੀਂ ਅਤੇ **ਤੇਰੀ ਸੰਤਾਨ** ਤੇ **ਤੀਵੀਂ ਦੀ ਸੰਤਾਨ** ਵਿੱਚ ਮੈਂ ਵੈਰ ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਂਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਗਾ।

- **ਤੇਰੀ ਸੰਤਾਨ –** ਸੱਪ ਦੀ ਸੰਤਾਨ ਦਾ ਮਤਲਬ ਹੈ ਸੱਪ ਦੀ ਅੰਸ (ਯੂਹੰਨਾ 8:44) ਜਾਂ ਮਸੀਹ ਵਿਰੋਧੀ, ਜਾਂ ਸ਼ਾਇਦ ਦੋਵੇਂ।

- **ਤੀਵੀਂ ਦੀ ਸੰਤਾਨ –** ਔਰਤਾਂ ਵਿੱਚ ਉਹ ਤੱਤ (ਬੀਜ) ਨਹੀਂ ਹੁੰਦਾ ਜਿਸ ਤੋਂ ਬੱਚਾ ਕੁੱਖ ਵਿੱਚ ਆਉਂਦਾ ਹੈ। ਇਸ ਲਈ ਇਹ ਯਿਸੂ ਮਸੀਹ ਦੇ ਇੱਕ ਕੁਆਰੀ ਤੋਂ ਜਨਮ ਲੈਣ ਦਾ ਹਵਾਲਾ ਹੈ।

(17) ਹੁਣ ਮੈਂ ਇਹ ਆਖਦਾ ਹਾਂ ਭਈ **ਉਸ ਨੇਮ** ਨੂੰ ਜੋ ਪਰਮੇਸ਼ੁਰ ਨੇ ਅੱਗੇ ਹੀ ਬੰਨ੍ਹਿਆ ਹੈ ਸੋ **ਸ਼ਰਾ** ਜਿਹੜੀ ਉਸ ਤੋਂ ਚਾਰ ਸੌ ਤੀਹਾਂ ਵਰਿਹਾਂ ਦੇ ਪਿੱਛੋਂ **ਆਈ** ਉਸ ਨੂੰ **ਅਕਾਰਥ ਨਹੀਂ ਕਰਦੀ** ਭਈ **ਉਹ ਬਚਨ** ਅਵਿਰਥਾ ਹੋ ਜਾਵੇ।

- ਇਹ ਬੜਾ ਠੋਸ ਵਿਚਾਰ ਹੈ ਅਤੇ 2 ਕੁਰਿੰਥੀਆਂ 1:20 ਇਸੇ ਦੀ ਤਸਦੀਕ ਕਰਦਾ ਹੈ
  ਕਿਉਂ ਜੋ ਪਰਮੇਸ਼ੁਰ ਦੀਆਂ **ਪਰਤਿੱਗਿਆਂ** ਭਾਵੇਂ ਕਿੰਨੀਆਂ ਹੀ ਹੋਣ ਉਸ ਵਿੱਚ **ਹਾਂ ਹੀ ਹਾਂ ਹੈ** (ਪੱਕੀਆਂ ਹਨ)। ਇਸ ਲਈ ਉਹ ਦੇ ਰਾਹੀਂ ਆਮੀਨ ਵੀ ਹੈ (ਉਸ ਦੇ ਪੱਕੇ ਬਚਨ ਨਾਲ ਸਾਡੀ ਸਹਿਮਤੀ) ਭਈ ਸਾਡੇ ਦੁਆਰਾ ਪਰਮੇਸ਼ੁਰ ਦੀ ਉਪਮਾ ਹੋਵੇ। ਨੇਮ ਅਤੇ ਪਰਤਿੱਗਿਆ ਹਾਲੇ ਵੀ ਕਾਇਮ ਹੈ।

(18) ਕਿਉਂਕਿ **ਜੇ** ਅਧਕਾਰ ਸ਼ਰਾ ਤੋਂ ਹੁੰਦਾ ਤਾਂ ਫੇਰ ਬਚਨ ਤੋਂ ਨਹੀਂ, **ਪਰੰਤੂ** ਪਰਮੇਸ਼ੁਰ ਨੇ ਅਬਰਾਹਾਮ ਲਈ ਉਹ ਨੂੰ ਬਚਨ ਦੇ ਰਾਹੀਂ ਦਾਨ ਕੀਤਾ ਹੈ।

- ਪੌਲੁਸ ਆਖ ਰਿਹਾ ਹੈ ਕਿ **ਪ੍ਰਭੂ** ਨੇ 430 ਸਾਲ ਬਾਦ ਆਪਣੀ ਪਰਤਿੱਗਿਆ ਨੂੰ ਬਦਲਿਆ ਨਹੀਂ ਹੈ ਤਾਂ ਨਾਂ ਇਸ ਵਿੱਚ ਕੋਈ ਸ਼ਰਤਾਂ ਜੋੜੀਆਂ ਹਨ। ਨੇਮ ਅਤੇ ਪਰਤਿੱਗਿਆਵਾਂ ਹਾਲੇ ਵੀ ਕਾਇਮ ਹਨ।

ਇਸ ਨਾਲ ਇਹ ਸਵਾਲ ਪੈਦਾ ਹੁੰਦਾ ਹੈ:
(19) **ਫੇਰ ਸ਼ਰਾ ਕੀ ਹੈ?** ਉਹ ਅਪਰਾਧਾਂ ਦੇ ਕਾਰਨ ਨਾਲ ਰਲਾਈ ਗਈ ਕਿ ਜਿੰਨਾ ਚਿਰ ਉਹ **ਅੰਸ ਜਿਹ ਨੂੰ ਬਚਨ ਦਿੱਤਾ ਹੋਇਆ ਹੈ** ਨਾ ਆਵੇ ਉਹ ਬਣੀ ਰਹੇ ਅਤੇ ਉਹ ਦੂਤਾਂ ਦੇ ਰਾਹੀਂ ਇੱਕ ਵਿਚੋਲੇ ਦੇ ਹੱਥੀਂ ਠਹਿਰਾਈ ਗਈ।

- ਰਲਾਈ ਗਈ ਇਸ ਵਾਕ ਲਈ ਜਿਸ ਯੂਨਾਨੀ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ ਉਹ ਹੈ "ਪਰੋਸਟਿਥੇਮੀ" ਜਿਸ ਦਾ ਸ਼ਾਬਦਿਕ ਜਾਂ ਸਿੱਧਾ-ਸਿੱਧਾ ਅਰਥ ਹੈ "**ਸਾਹਮਣੇ ਲਿਆਉਣਾ ਜਾਂ ਰੱਖਣਾ**।"

- ਉਹ ਅਪਰਾਧਾਂ ਦੇ ਕਾਰਨ ਨਾਲ ਰਲਾਈ ਗਈ ਦਾ ਅਰਥ ਹੈ:

  1. ਲੋਕਾਂ ਨੂੰ ਸਪੱਸ਼ਟ ਤੌਰ ਤੇ ਇਹ ਸਮਝਣ ਵਿੱਚ ਮਦਦ ਕਰਨਾ ਕਿ **ਪਾਪ ਕੀ ਹੈ** ਉਨ੍ਹਾਂ ਨੂੰ ਇਹ ਅਹਿਸਾਸ ਕਰਾਉਣਾ ਕਿ ਉਨ੍ਹਾਂ ਦੇ ਅੰਦਰ ਇੱਕ **ਪਾਪੀ ਸੁਭਾਅ** ਹੈ ਅਤੇ ਉਹ ਆਪਣੇ ਸੁਭਾਅ ਨੂੰ **ਬਦਲ ਨਹੀਂ ਸਕਦੇ ਜਾਂ** ਪਰਮੇਸ਼ੁਰ ਦੇ ਅੱਗੇ **ਆਪਣੇ ਆਪ ਨੂੰ ਧਰਮੀ ਨਹੀਂ ਠਹਿਰਾ ਸਕਦੇ**। ਇਹੋ ਗੱਲ ਇਨ੍ਹਾਂ ਹੇਠ ਦਿੱਤੀਆਂ ਆਇਤਾਂ ਵਿੱਚ ਸਪੱਸ਼ਟ ਵਿਖਾਈ ਦਿੰਦੀ ਹੈ:

ਰੋਮੀਆਂ 3:19-20 ਹੁਣ ਅਸੀਂ ਜਾਣਦੇ ਹਾਂ ਭਈ **ਸ਼ਰਾ** ਜੋ ਕੁਝ ਆਖਦੀ ਹੈ **ਸੋ ਸ਼ਰਾ ਵਾਲਿਆਂ ਨੂੰ** ਆਖਦੀ ਹੈ ਤਾਂ ਜੋ ਹਰੇਕ ਦਾ ਮੂੰਹ **ਬੰਦ ਹੋ ਜਾਵੇ** ਅਤੇ ਸਾਰਾ ਸੰਸਾਰ **ਪਰਮੇਸ਼ੁਰ ਦੇ ਨਿਆਉਂ ਦੇ ਹੇਠ** ਆ ਜਾਵੇ। (20) ਇਸ ਲਈ ਜੋ ਉਹ ਦੇ ਅੱਗੇ **ਸ਼ਰਾ** ਦੇ **ਕਰਮਾਂ** ਤੋਂ **ਕੋਈ ਸਰੀਰ ਧਰਮੀ ਨਹੀਂ ਠਹਿਰੇਗਾ** ਕਿਉਂ ਜੋ **ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ।**

2. ਮਨੁੱਖ ਦੇ ਪਾਪੀ ਸੁਭਾਅ ਨੂੰ **ਰੋਕਣ** ਲਈ।

   ਸ਼ਰਾ ਅਤੇ ਪਵਿੱਤਰ ਆਤਮਾ ਦੇ ਕਾਇਲ ਕਰਨ ਵਾਲੇ ਕੰਮ ਤੋਂ ਜਾਣੂ ਹੋਣਾ ਵਿਸ਼ਵਾਸੀਆਂ ਵਿੱਚ ਅਤੇ ਕੁਝ ਹੱਦ ਤਕ ਗੈਰ-ਵਿਸ਼ਵਾਸੀਆਂ ਵਿੱਚ ਵੀ ਉਨ੍ਹਾਂ ਨੂੰ ਰੋਕਣ ਵਾਲੀ ਸ਼ਕਤੀ ਦਾ ਕੰਮ ਕਰਦਾ ਹੈ (ਯੂਹੰਨਾ 16:8-11)। ਸਾਡੇ ਜਨਤਕ ਨਿਯਮ-ਕਨੂੰਨ ਸਾਨੂੰ ਅਪਰਾਧ ਕਰਨ ਤੋਂ ਰੋਕਣ ਵਿੱਚ ਇਸ ਕਰਕੇ ਕਾਮਯਾਬ ਹਨ ਕਿਉਂਕਿ ਅਸੀਂ ਸਜ਼ਾ ਜਾਂ ਜੇਲ ਜਾਣ ਤੋਂ ਡਰਦੇ ਹਾਂ। ਇਸ ਰੋਕ ਨੂੰ ਅਸੀਂ ਧਾਰਮਿਕਤਾ ਨਹੀਂ ਕਹਿ ਸਕਦੇ, ਬਲਕਿ ਇਸ ਤੋਂ ਸਾਡਾ ਕੁਧਰਮੀ ਸੁਭਾਅ ਵਿਖਾਈ ਦਿੰਦਾ ਹੈ। ਜੇਕਰ ਸਾਨੂੰ ਰੋਕਣ ਲਈ ਚੌਂਕਾਂ ਵਿੱਚ ਲਾਲ ਬੱਤੀਆਂ ਨਾ ਹੋਣ ਤਾਂ ਬਹੁਤ ਸਾਰੇ ਲੋਕ ਜਾਂ ਤਾਂ ਜ਼ਖਮੀ ਹੋਣਗੇ ਜਾਂ ਮਾਰੇ ਜਾਣਗੇ। ਪ੍ਰਭੂ ਸਾਡਾ ਭਲਾ ਚਾਹੁੰਦਾ ਹੈ ਅਤੇ ਇਸੇ ਕਰਕੇ ਉਸ ਨੇ ਸਾਨੂੰ ਨਿਯਮ ਦਿੱਤੇ ਹਨ ਤਾਂ ਜੋ ਅਸੀਂ ਆਪਣੇ ਆਪ ਨੂੰ ਜਾਂ ਦੂਸਰਿਆਂ ਨੂੰ ਜ਼ਖਮੀ ਕਰਨ ਤੋਂ ਬਚ ਸਕੀਏ। ਪਰ ਇਹ ਨਿਯਮ ਸਾਨੂੰ ਧਰਮੀ ਨਹੀਂ ਬਣਾ ਸਕਦੇ। ਸ਼ਰਾ ਮਨੁੱਖ ਦੇ ਹਿਰਦੇ ਨੂੰ ਨਹੀਂ ਬਦਲਦੀ ਅਤੇ ਨਾ ਹੀ ਬਦਲ ਸਕਦੀ ਹੈ।

   ਮੱਤੀ 15:19 ਕਿਉਂਕਿ ਬੁਰੇ ਖ਼ਿਆਲ, ਖ਼ੂਨ, ਜਨਾਕਾਰੀਆਂ, ਹਰਾਮਕਾਰੀਆਂ, ਚੋਰੀਆਂ, ਝੂਠੀਆਂ ਉਗਾਹੀਆਂ, ਕੁਫ਼ਰ **ਦਿਲ ਵਿੱਚੋਂ** ਨਿੱਕਲਦੇ ਹਨ।

3. ਸ਼ਰਾ ਦਾ ਮਕਸਦ ਹੈ **ਸਾਡੇ ਵਿੱਚੋਂ ਹਰੇਕ ਉੱਤੇ ਉਸ ਦੇ ਪਾਪਾਂ ਨੂੰ ਪਰਗਟ ਕਰਨਾ** ਕਿ ਅਸੀਂ ਪਾਪੀ, ਬੁਰੇ, ਨਿਕੰਮੇ ਅਤੇ ਭ੍ਰਿਸ਼ਟ ਹਾਂ ਅਤੇ ਸਾਡੀ ਇੱਕ **ਬਹੁਤ ਵੱਡੀ ਲੋੜ** ਹੈ ਕਿ ਅਸੀਂ ਪਰਮੇਸ਼ੁਰ ਉੱਤੇ ਨਿਰਭਰ ਹੋਈਏ ਕਿ ਉਹ **ਸਾਨੂੰ ਮਾਫ਼ ਕਰੇ** ਅਤੇ ਸਾਨੂੰ ਪਾਪ ਦੇ ਨਤੀਜੇ ਭੁਗਤਣ ਤੋਂ ਬਚਾ ਲਵੇ।

   ਫ਼ਰੀਸੀਆਂ ਦਾ ਵਿਸ਼ਵਾਸ ਸੀ ਕਿ ਸ਼ਰਾ ਨੂੰ ਪੂਰੀ ਤਰ੍ਹਾਂ ਮੰਨਣ ਨਾਲ ਉਹ ਸ਼ਰਾ ਰਾਹੀਂ ਧਰਮੀ ਠਹਿਰ ਸਕਦੇ ਹਨ ਅਤੇ ਪਰਮੇਸ਼ੁਰ ਦੀ ਦ੍ਰਿਸ਼ਟੀ ਵਿੱਚ ਨਿਸ਼ਪਾਪ ਬਣ ਸਕਦੇ ਹਨ। ਪਰ ਪੌਲੁਸ ਨੇ ਇਸ ਗਲਤਫ਼ਹਿਮੀ ਦਾ ਖੰਡਨ ਕੀਤਾ:

   ਰੋਮੀਆਂ 3:20 ਇਸ ਲਈ ਜੋ ਉਹ ਦੇ ਅੱਗੇ ਸ਼ਰਾ ਦੇ ਕਰਮਾਂ ਤੋਂ **ਕੋਈ ਸਰੀਰ** ਧਰਮੀ ਨਹੀਂ ਠਹਿਰੇਗਾ ਕਿਉਂ ਜੋ **ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ।**

   ਰੋਮੀਆਂ 7:7-8 ਸਗੋਂ ਸ਼ਰਾ ਤੋਂ ਬਿਨਾ ਮੈਂ **ਪਾਪ ਨੂੰ** ਨਾ **ਪਛਾਣਦਾ** ਕਿਉਂਕਿ ਜੇ ਸ਼ਰਾ ਨਾ ਕਹਿੰਦੀ ਭਈ ਲੋਭ ਨਾ ਕਰ ਤਾਂ ਮੈਂ ਲੋਭ ਨੂੰ ਨਾ ਜਾਣਦਾ। (8) ਪਰ ਪਾਪ ਨੇ ਦਾਉ ਪਾ ਕੇ ਹੁਕਮਨਾਮੇ ਦੇ ਕਾਰਨ ਮੇਰੇ ਵਿੱਚ ਹਰ ਪਰਕਾਰ ਦਾ ਲੋਭ ਪੈਦਾ ਕੀਤਾ **ਕਿਉਂ ਜੋ ਸ਼ਰਾ ਦੇ ਬਾਝੋਂ ਪਾਪ ਮੁਰਦਾ ਹੈ।**

   ਰੋਮੀਆਂ 7:13 **ਭਈ ਉਹ ਪਾਪ ਹੀ ਮਲੂਮ ਹੋਵੇ** ਮੇਰੇ ਲਈ ਚੰਗੀ ਗੱਲ ਦੇ ਵਸੀਲੇ ਨਾਲ ਮੌਤ ਨੂੰ ਪੈਦਾ ਕੀਤਾ ਤਾਂ ਜੋ **ਹੁਕਮਨਾਮੇ ਦੇ ਕਾਰਨ ਪਾਪ ਅੱਤ ਬੁਰਾ ਠਹਿਰੇ।**

- ਦੂਤਾਂ ਦੇ ਰਾਹੀਂ . . . **ਠਹਿਰਾਈ ਗਈ** (ਲਾਗੂ ਕੀਤੀ ਗਈ)

- ਇੱਕ ਵਿਚੋਲੇ ਦੇ ਹੱਥੀਂ (ਉਹ ਵਿਅਕਤੀ ਜਿਹੜਾ ਦੋ ਧੜਿਆਂ ਨੂੰ ਜੋੜਨ ਲਈ ਵਿਚੋਲੇ ਦਾ ਰੋਲ ਨਿਭਾਉਂਦਾ ਹੈ)

(20) ਹੁਣ **ਵਿਚੋਲਾ** ਇੱਕ ਦਾ ਨਹੀਂ ਹੁੰਦਾ ਪਰੰਤੂ ਪਰਮੇਸ਼ੁਰ ਇੱਕੋ ਹੈ।

- ਪੌਲੁਸ ਕਿਸ ਵਿਚੋਲੇ ਦੀ ਗੱਲ ਕਰ ਰਿਹਾ ਹੈ? ਤਿੰਨ ਸੰਭਾਵਨਾਵਾਂ ਹਨ:

1. **ਮਸੀਹ** ਨੂੰ "ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ" ਕਿਹਾ ਗਿਆ ਹੈ (1 ਤਿਮੋਥਿਉਸ 2:5) **ਪਰ ਯਿਸੂ** "ਨਵੇਂ ਨੇਮ ਦਾ ਵਿਚੋਲਾ" ਹੈ (ਇਬਰਾਨੀਆਂ 8:6; 9:15; 12:24) ਅਤੇ ਇਸ ਲਈ ਲੱਗਦਾ **ਨਹੀਂ** ਹੈ ਕਿ ਪੌਲੁਸ ਮਸੀਹ ਨੂੰ ਵਿਚੋਲਾ ਕਹਿ ਰਿਹਾ ਹੈ।

2. ਯਹੂਦੀਆਂ ਦਾ ਇਹ ਦ੍ਰਿੜ ਵਿਸ਼ਵਾਸ ਸੀ ਕਿ ਸ਼ਰਾ **ਦੂਤਾਂ** ਦੀ ਵਿਚੋਲਗੀ ਰਾਹੀਂ ਠਹਿਰਾਈ ਗਈ।

   ਰਸੂਲਾਂ ਦੇ ਕਰਤਬ 7:53 ਤੁਸੀਂ ਸ਼ਰਾ ਨੂੰ ਜਿਹੀ ਦੂਤਾਂ ਦੇ ਰਾਹੀਂ ਠਹਿਰਾਈ ਗਈ ਸੀ ਪਾਇਆ

   ਇਬਰਾਨੀਆਂ 2:2 ਜਦੋਂ **ਉਹ ਬਚਨ ਜਿਹੜਾ ਦੂਤਾਂ ਦੀ ਜ਼ਬਾਨੀ ਆਖਿਆ ਗਿਆ** ਸੀ ਦ੍ਰਿੜ੍ਹ ਠਹਿਰਿਆ ਅਤੇ ਹਰੇਕ ਅਪਰਾਧ ਅਤੇ ਅਣਆਗਿਆਕਾਰੀ ਦਾ ਠੀਕ ਠੀਕ ਬਦਲਾ ਮਿਲਿਆ।

ਲੱਗਦਾ ਹੈ ਕਿ ਪੌਲੁਸ ਦੀ ਦਲੀਲ ਇਹ ਹੈ: ਅਬਰਾਹਾਮ ਨਾਲ ਕੀਤੇ ਗਏ ਨੇਮ ਵਿੱਚ ਪਰਮੇਸ਼ੁਰ ਸਿੱਧਾ ਮਨੁੱਖਾਂ ਤੀਕ ਪਹੁੰਚ ਕਰਦਾ ਸੀ, ਪਰ ਮੂਸਾ ਦੀ ਸ਼ਰਾ ਵਿੱਚ ਉਸ ਨੇ ਸਵਰਗਦੂਤਾਂ ਨੂੰ ਵਿਚੋਲੇ ਦੇ ਰੂਪ ਵਿੱਚ ਇਸਤੇਮਾਲ ਕਰਦੇ ਹੋਏ ਅਸਿੱਧੇ ਤੌਰ ਤੇ ਮਨੁੱਖਾਂ ਤੀਕ ਪਹੁੰਚ ਕੀਤੀ। ਇਸ ਲਈ ਜੋ ਸ਼ਰਾ ਹੈ ਉਹ ਨੇਮ ਤੋਂ ਨੀਵੀਂ ਹੈ।

## ਸ਼ਰਾ ਚੰਗੀ ਤਾਂ ਹੈ ਪਰ ਨਿਰਬਲ ਹੈ (3:21-22)

ਪੌਲੁਸ, ਜਿਸ ਨੇ ਰੱਬੀ ਹੋਣ ਦੀ ਵਿੱਦਿਆ ਹਾਸਲ ਕੀਤੀ ਸੀ, ਉਸ ਦੇ ਮਨ ਵਿੱਚ ਸ਼ਰਾ ਲਈ ਬਹੁਤ ਆਦਰ ਹੈ (ਰੋਮੀਆਂ 7:12; 1 ਤਿਮੋਥਿਉਸ 1:8)। **ਸ਼ਰਾ ਬੁਰੀ ਨਹੀਂ ਹੈ**, ਇਹ ਬਸ **ਅਧੂਰੀ** ਹੈ ਅਤੇ ਇਹ **ਕਦੇ ਵੀ ਨਿਹਚਾ ਦਾ ਥਾਂ ਲੈਣ** ਲਈ **ਨਹੀਂ** ਦਿੱਤੀ ਗਈ। ਨਾ ਹੀ ਇਹ ਨਿਹਚਾ ਦਾ ਥਾਂ ਲੈ ਸਕਦੀ ਹੈ।

(21) ਫੇਰ ਭਲਾ, ਸ਼ਰਾ ਪਰਮੇਸ਼ੁਰ ਦਿਆਂ **ਬਚਨਾਂ ਦੇ ਵਿਰੁੱਧ** ਹੈ? **ਕਦੇ ਨਹੀਂ** ਕਿਉਂਕਿ **ਜੇਕਰ** ਅਜਿਹੀ ਸ਼ਰਾ ਦਿੱਤੀ ਹੋਈ ਹੁੰਦੀ ਜਿਹੜੀ ਜੀਵਨ ਦੇ ਸੱਕਦੀ ਤਾਂ ਧਰਮ ਸੱਚੀ ਮੁੱਚੀ ਸ਼ਰਾ ਤੋਂ ਪਰਾਪਤ ਹੁੰਦਾ। (22) ਪਰ ਧਰਮ ਪੁਸਤਕ ਨੇ ਸਭਨਾਂ ਨੂੰ ਪਾਪ ਦੇ ਹੇਠਾਂ ਬੰਦ ਕਰ ਛੱਡਿਆ ਭਈ ਉਹ **ਬਚਨ** ਜਿਹੜਾ **ਯਿਸੂ ਮਸੀਹ ਉੱਤੇ ਨਿਹਚਾ** ਕਰਨ ਤੋਂ ਮਿਲਦਾ ਹੈ **ਨਿਹਚਾ ਕਰਨ ਵਾਲਿਆਂ ਨੂੰ ਦਿੱਤਾ ਜਾਵੇ**।

## ਸ਼ਰਾ ਨਿਗਰਾਨ ਹੈ (3:23-25)

ਤਾਂ ਫਿਰ ਸ਼ਰਾ ਦਾ ਕੰਮ ਕੀ ਸੀ**? ਮਸੀਹ ਉੱਤੇ ਨਿਹਚਾ** ਕਰਨ ਤਕ ਸਾਨੂੰ ਪਾਪ ਤੋਂ **ਰੋਕਣਾ** ਅਤੇ ਸਾਡੇ ਪਾਪ ਨੂੰ **ਪਰਗਟ ਕਰਨਾ**

(23) ਪਰ **ਨਿਹਚਾ ਦੇ ਆਉਣ ਤੋਂ ਪਹਿਲਾਂ** ਅਸੀਂ ਉਸ **ਨਿਹਚਾ** ਦੇ ਲਈ ਜਿਹੜੀ ਪਰਗਟ ਹੋਣੀ ਸੀ **ਸ਼ਰਾ ਦੇ ਪਹਿਰੇ ਹੇਠ ਬੱਧੇ** ਹੋਏ ਰਹਿੰਦੇ ਸਾਂ। (24) ਸੋ **ਸ਼ਰਾ** ਮਸੀਹ ਦੇ ਆਉਣ ਤੀਕੁਰ ਸਾਡੇ ਲਈ **ਨਿਗਾਹਬਾਨ** ਬਣੀ ਭਈ ਅਸੀਂ ਨਿਹਚਾ ਨਾਲ **ਧਰਮੀ ਠਹਿਰਾਏ ਜਾਈਏ**। (25) ਪਰ ਹੁਣ **ਨਿਹਚਾ ਜੋ ਆਈ** ਅਸੀਂ ਅਗਾਹਾਂ ਨੂੰ ਨਿਗਾਹਬਾਨ ਦੇ ਮਤਹਿਤ ਨਹੀਂ ਹਾਂ।

- **ਸ਼ਰਾ . . . ਦੇ ਆਉਣ ਤੀਕੁਰ** . . . ਹੁਣ **ਨਿਹਚਾ ਜੋ ਆਈ** ਇਨ੍ਹਾਂ ਕਥਨਾਂ ਤੋਂ ਪਤਾ ਲੱਗਦਾ ਹੈ ਕਿ **"ਨਿਹਚਾ" ਸਾਡੇ ਕੋਲ ਬਾਹਰੋਂ "ਆਉਂਦੀ" ਹੈ, ਨਾ ਕਿ ਸਾਡੇ ਅੰਦਰੋਂ ਪੈਦਾ ਹੁੰਦੀ ਹੈ।** (2 ਪਤਰਸ 1:1; ਇਬਰਾਨੀਆਂ 12:2 ਸੰਪੂਰਨ ਕਰਨ ਵਾਲਾ; ਰੋਮੀਆਂ 10:17; ਯੂਹੰਨਾ 10:26-27; ਲੂਕਾ 8:10)

- ਪਹਿਰੇ ਹੇਠ ਬੱਧੇ ਹੋਏ – ਸ਼ਰਾ ਸਾਡੇ ਪਾਪੀ ਸੁਭਾਅ ਉੱਤੇ ਕੁਝ ਹੱਦ ਤਕ ਰੋਕ ਲਾਉਣ ਵਿੱਚ ਕਾਮਯਾਬ ਹੋਈ।

- **ਨਿਗਾਹਬਾਨ** – ਇਸ ਸ਼ਬਦ ਲਈ ਇਸਤੇਮਾਲ ਕੀਤੇ ਗਏ ਮੂਲ ਯੂਨਾਨੀ ਸ਼ਬਦ ਦਾ ਅਰਥ ਹੈ "ਕਿਸੇ **ਬੱਚੇ** ਦੀ ਰਹਿਨੁਮਾਈ ਕਰਨ ਅਤੇ ਉਸ ਨੂੰ ਸਿਖਾਉਣ ਵਾਲਾ ਵਿਅਕਤੀ।" **ਪ੍ਰਭੂ** ਦਾ ਇੱਕ ਪਰਿਵਾਰ ਹੈ ਜਿਨ੍ਹਾਂ ਨੂੰ ਉਸ ਨੇ "ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ **ਚੁਣ ਲਿਆ**" (ਅਫ਼ਸੀਆਂ 1:4) ਅਤੇ ਸ਼ਰਾ ਉਨ੍ਹਾਂ ਨੂੰ ਇਸ ਲਈ ਦਿੱਤੀ ਗਈ ਸੀ ਕਿ ਇਹ ਉਨ੍ਹਾਂ ਲਈ "ਬੱਚੇ ਦੇ ਉਸਤਾਦ" ਦਾ ਕੰਮ ਕਰੇ।

  "ਬੱਚੇ ਦਾ ਉਸਤਾਦ" ਉਹ ਵਿਅਕਤੀ ਹੁੰਦਾ ਸੀ ਜਿਸ ਦਾ ਕੰਮ ਸੀ ਬੱਚੇ ਨੂੰ ਚੰਗੀਆਂ ਆਦਤਾਂ ਸਿਖਾਉਣਾ ਅਤੇ ਉਸ ਦੇ ਸਕੂਲ ਦੀਆਂ ਕਿਤਾਬਾਂ ਵਿੱਚੋਂ ਪਾਠ ਯਾਦ ਕਰਾਉਣਾ। ਉਹ ਉਦੋਂ ਤੱਕ ਬੱਚੇ ਦੀ ਅਜ਼ਾਦੀ ਉੱਤੇ ਜ਼ਰੂਰੀ ਪਬੰਦੀ ਲਗਾ ਕੇ ਰੱਖਦਾ ਸੀ ਜਦੋਂ ਤਕ ਬੱਚੇ ਦੇ ਵੱਡਾ ਹੋਣ ਤੇ ਇਹ ਭਰੋਸਾ ਨਾ ਹੋ ਜਾਵੇ ਕਿ ਉਹ ਆਪਣੀ ਅਜ਼ਾਦੀ ਨੂੰ ਜ਼ਿੰਮੇਵਾਰੀ ਨਾਲ ਇਸਤੇਮਾਲ ਕਰੇਗਾ।

- ਸ਼ਰਾ ਦਾ ਉਦੇਸ਼ ਸੀ: **ਸਾਨੂੰ ਮਸੀਹ ਤਕ ਪਹੁੰਚਾਉਣਾ** ਜਾਂ ਲਿਆਉਣਾ

- ਫਿਰ ਜਦੋਂ ਅਸੀਂ ਮਸੀਹ ਕੋਲ ਆ ਜਾਂਦੇ ਹਾਂ ਤਾਂ ਅਸੀਂ **ਨਿਹਚਾ ਤੋਂ ਧਰਮੀ ਠਹਿਰਾਏ ਜਾਂਦੇ** ਹਾਂ ਅਤੇ ਉਸੇ ਸਮੇਂ ਪਵਿੱਤਰ ਆਤਮਾ ਸਾਡੇ "**ਅੰਦਰ**" ਆ ਜਾਂਦਾ ਹੈ ਅਤੇ **ਅਸੀਂ "ਬੱਚਿਆਂ" ਤੋਂ "ਪੁੱਤਰ" ਬਣ ਜਾਂਦੇ ਹਾਂ**।

(26) ਕਿਉਂ ਜੋ ਮਸੀਹ ਯਿਸੂ ਉੱਤੇ **ਨਿਹਚਾ** ਕਰਨ ਕਰਕੇ **ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤ੍ਰ** ਹੋ।

- ਯਿਸੂ ਮਸੀਹ ਦਾ ਪਵਿੱਤਰ ਆਤਮਾ (ਰੋਮੀਆਂ 8:9; 1 ਪਤਰਸ 1:11) ਹੁਣ ਸਾਡੇ "**ਵਿੱਚ**" ਹੈ ਕਿ ਸਾਡੇ ਨਾਲ ਬੋਲੇ, ਸੰਪੂਰਣ ਸੱਚ ਵਿੱਚ ਸਾਡੀ ਅਗਵਾਈ ਅਤੇ ਰਹਿਨੁਮਾਈ ਕਰੇ ਅਤੇ ਸਾਨੂੰ ਦੱਸੇ ਕਿ ਅਸੀਂ ਇੱਕ ਪਾਪਰਹਿਤ ਜੀਵਨ ਬਿਤਾਉਂਦੇ ਹੋਏ ਪ੍ਰਭੂ ਦੇ ਸਨਮੁੱਖ ਉਸ ਨੂੰ ਭਾਉਣ ਵਾਲੀ ਚਾਲ ਕਿਵੇਂ ਚੱਲ ਸਕਦੇ ਹਾਂ।

  ਅਫ਼ਸੀਆਂ 4:14-15 ਭਈ ਅਸੀਂ **ਅਗਾਹਾਂ ਨੂੰ ਇਞਾਣੇ ਨਾ ਰਹੀਏ** ਜਿਹੜੇ ਮਨੁੱਖਾਂ ਦੀ ਠੱਗ ਵਿੱਦਿਆ ਅਤੇ ਭੁਲਾਉਣ ਵਾਲੀ ਛਲ ਛਿਦ੍ਰ ਰੂਪੀ ਚਤਰਾਈ ਨਾਲ ਸਿੱਖਿਆ ਦੇ ਹਰੇਕ ਬੁੱਲੇ ਨਾਲ ਐਧਰ ਉੱਧਰ ਡੋਲਦੇ ਫਿਰਦੇ ਹਨ ਸਗੋਂ **ਅਸੀਂ** ਪ੍ਰੇਮ ਨਾਲ ਸੱਚ ਕਮਾਉਂਦਿਆ ਹੋਇਆਂ ਉਸ ਵਿੱਚ ਜੋ ਸਿਰ ਹੈ ਅਰਥਾਤ ਮਸੀਹ ਵਿੱਚ ਹਰ ਤਰ੍ਹਾਂ **ਵਧਦੇ ਜਾਈਏ।**

- ਪੁਰਾਣੇ ਨੇਮ ਵਿੱਚ ਸ਼ਰਾ ਸਾਡੇ "ਅੰਦਰ" ਨਹੀਂ, ਸਾਡੇ ਵਿੱਚੋਂ "ਬਾਹਰ" ਸੀ, ਭਾਵ ਕਿ ਇਹ ਸਾਡਾ ਅੰਗ ਨਹੀਂ ਸੀ। ਪਰ ਇਸ ਬਾਰੇ ਭਵਿੱਖਬਾਣੀ ਕੀਤੀ ਗਈ ਸੀ ਕਿ ਇਹ ਆਣ ਕੇ ਅੰਦਰ ਵੱਸੇਗੀ:

  ਯਿਰਮਿਯਾਹ 31:33 . . . **ਮੈਂ ਆਪਣੀ ਬਿਵਸਥਾ ਨੂੰ ਓਹਨਾਂ ਦੇ ਅੰਦਰ ਰੱਖਾਂਗਾ** ਅਤੇ ਓਹਨਾਂ ਦੇ **ਦਿਲਾਂ ਉੱਤੇ ਲਿਖਾਂਗਾ**। ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਓਹ ਮੇਰੀ ਪਰਜਾ ਹੋਣਗੇ।

  ਹਿਜ਼ਕੀਏਲ 36:26-28 ਅਤੇ ਮੈਂ ਤੁਹਾਨੂੰ **ਨਵਾਂ ਦਿਲ ਦਿਆਂਗਾ** ਅਤੇ **ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ; . . . ਮੈਂ ਆਪਣਾ ਆਤਮਾ ਤੁਹਾਡੇ ਵਿੱਚ** ਦਿਆਂਗਾ ਅਤੇ **ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ** ਅਤੇ **ਤੁਸੀਂ** ਮੇਰੇ ਨਿਆਂਵਾਂ ਦੀ ਪਾਲਨਾ ਕਰੋਗੇ ਅਤੇ ਉਨ੍ਹਾਂ ਤੇ ਅਮਲ **ਕਰੋਗੇ।**

"**ਪੁੱਤਰ**" ਉਹ ਹੈ ਜੋ ਹੁਣ ਵੱਡਾ ਹੋ ਚੁੱਕਾ ਹੈ। ਪਵਿੱਤਰ ਆਤਮਾ ਸਾਡੇ "**ਅੰਦਰ**" ਹੋਣ ਕਰਕੇ ਹੁਣ ਅਸੀਂ ਸੁਭਾਵਕ ਤੌਰ ਤੇ ਆਪਣੇ ਅੰਦਰੋਂ ਹੀ ਇਹ ਜਾਣਦੇ ਹਾਂ ਕਿ ਕੀ ਸਹੀ ਹੈ ਅਤੇ ਕੀ ਗਲਤ ਅਤੇ ਸਾਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ ਅਤੇ ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ ਕਰਨਾ ਚਾਹੀਦਾ।

- ਪੁੱਤਰ ਬਣਨ ਦੇ ਵਿਸ਼ੇ ਤੇ ਅਸੀਂ ਕੁਝ ਆਇਤਾਂ ਦੇ ਬਾਅਦ ਹੋਰ ਜ਼ਿਆਦਾ ਗੱਲਬਾਤ ਕਰਾਂਗੇ।

(27) ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ **ਬਪਤਿਸਮਾ** ਲਿਆ ਮਸੀਹ ਨੂੰ ਪਹਿਨ ਲਿਆ।

- "ਬਪਤਿਸਮਾ" ਲਿਆ ਦਾ ਮੂਲ ਯੂਨਾਨੀ ਭਾਸ਼ਾ ਵਿੱਚ ਅਰਥ ਹੈ "ਵਿੱਚ ਰੱਖੇ ਜਾਣਾ," ਡੋਬਣਾ ਜਾਂ ਡੁਬਕੀ ਦੇਣਾ, ਜਿਸ ਤੋਂ ਇਹ ਨਤੀਜਾ ਨਿੱਕਲਦਾ ਹੈ ਕਿ ਹੁਣ ਅਸੀਂ ਇੱਕ ਨਵੀਂ ਦਸ਼ਾ ਵਿੱਚ ਹਾਂ। ਪਹਿਲਾਂ ਵਰਗੇ ਨਹੀਂ ਰਹੇ। ਇਸ ਦਾ ਨਤੀਜਾ ਇਹ ਹੈ:

(28) ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸੱਕਦਾ ਹੈ ਕਿਉਂ ਜੋ **ਤੁਸੀਂ ਸੱਭੇ ਮਸੀਹ ਯਿਸੂ ਵਿੱਚ ਇੱਕੋ ਹੀ ਹੋ**।

- ਇਹ ਨਵੀਂ ਦਸ਼ਾ ਉਨ੍ਹਾਂ ਸਾਰੀਆਂ ਪਹਿਲੀਆਂ ਦਸ਼ਾਵਾਂ ਦਾ ਥਾਂ ਲੈ ਲੈਂਦੀ ਹੈ ਅਤੇ ਉਨ੍ਹਾਂ ਤੋਂ ਪ੍ਰਮੁੱਖ ਬਣ ਜਾਂਦੀ ਹੈ ਜਿਨ੍ਹਾਂ ਵਿੱਚ ਅਸੀਂ ਪਹਿਲਾਂ ਸੀ। ਨਾਗਰਿਕਤਾ ਖ਼ਤਮ ਹੋ ਜਾਂਦੀ ਹੈ। ਜਿੱਥੋਂ ਤਕ **ਪ੍ਰਭੂ** ਦੀ ਗੱਲ ਹੈ, ਇਨਸਾਨ ਦਾ ਵਰਗ ਅਤੇ ਲਿੰਗਭੇਦ ਖ਼ਤਮ ਹੋ ਜਾਂਦਾ ਹੈ। ਨਤੀਜਾ ਇਹ ਹੈ ਕਿ ਤੁਸੀਂ **ਸੱਭੇ** ਯਿਸੂ ਮਸੀਹ ਵਿੱਚ **ਇੱਕੇ** ਹੀ ਹੋ। ਸਭ ਇੱਕੋ ਅਤੇ ਇੱਕੋ ਜਿਹੇ ਬਣ ਜਾਂਦੇ ਹਨ।

(29) **ਅਤੇ** ਜੇ **ਤੁਸੀਂ** ਮਸੀਹ ਦੇ ਹੋ ਤਾਂ **ਅਬਰਾਹਾਮ ਦੀ ਅੰਸ** ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ।

- ਸਾਡਾ ਵਿਸ਼ਵਾਸ ਕਰਨਾ ਅਤੇ ਪਵਿੱਤਰ ਆਤਮਾ ਦਾ ਸਾਡੇ ਅੰਦਰ ਹੋਣਾ ਇਸ ਗੱਲ ਦਾ ਸਬੂਤ ਹੈ ਕਿ: ਤੁਸੀਂ ਅਬਰਾਹਾਮ ਦੀ ਅੰਸ ਹੋ।

  ਰੋਮੀਆਂ 4:16 ਇਸ ਕਾਰਨ ਉਹ **ਨਿਹਚਾ ਤੋਂ** ਹੋਇਆ ਭਈ ਕਿਰਪਾ ਦੇ ਅਨੁਸਾਰ ਠਹਿਰੇ ਇਸ ਲਈ ਜੋ ਕਰਾਰ ਸਾਰੀ **ਅੰਸ** ਦੇ ਲਈ ਪੱਕਾ ਰਹੇ, ਨਿਰਾ ਉਸ ਅੰਸ ਦੇ ਲਈ ਨਹੀਂ **ਜਿਹੜੀ ਸ਼ਰਾ ਵਾਲੀ ਹੈ** ਪਰੰਤੂ ਉਹ ਦੇ ਲਈ ਭੀ ਜਿਹੜੀ **ਅਬਰਾਹਾਮ** ਜਹੀ **ਨਿਹਚਾ ਰੱਖਦੀ ਹੈ ਉਹ ਅਸਾਂ ਸਭਨਾਂ ਦਾ ਪਿਤਾ ਹੈ।**

  ਅਬਰਾਹਾਮ ਇਸਰਾਏਲ ਕੌਮ ਦਾ ਜੋ ਸ਼ਰਾ ਵਾਲੀ ਹੈ, **ਪ੍ਰਕਿਰਤਕ** ਪਿਤਾ ਹੈ। ਉਹ ਉਨ੍ਹਾਂ ਸਭਨਾਂ ਦਾ **ਆਤਮਿਕ** ਪਿਤਾ ਹੈ ਜੋ ਨਿਹਚਾ ਰੱਖਦੇ ਹਨ।

- ਬਚਨ ਦੇ ਅਨੁਸਾਰ ਅਧਿਕਾਰੀ, ਨਾ ਕਿ ਸ਼ਰਾ ਦੇ ਅਨੁਸਾਰ (ਵੇਖੋ 3:18) (ਯਸਾਯਾਹ 44:3; ਯੋਏਲ 2:28; ਰੋਮੀਆਂ 9:8-11; ਰਸੂਲਾਂ ਦੇ ਕਰਤੱਬ 2:38)

## ਗਲਾਤੀਆਂ 4 ਅਧਿਆਇ

(4:1) ਹੁਣ ਮੈਂ ਆਖਦਾ ਹਾਂ ਭਈ ਅਧਕਾਰੀ ਜਿੰਨਾ ਚਿਰ **ਬਾਲਕ** ਹੈ ਉਸ ਵਿੱਚ ਅਤੇ ਗੁਲਾਮ ਵਿੱਚ ਕੁਝ ਭਿੰਨ ਭੇਤ ਨਹੀਂ ਭਾਵੇਂ **ਉਹ ਸਭ ਦਾ ਮਾਲਕ ਹੈ**। (2) ਪਰ ਉਸ ਮਿਆਦ ਤੀਕ ਜੋ ਪਿਤਾ ਨੇ ਪਹਿਲਾਂ ਠਹਿਰਾਈ ਹੈ ਸਰਬਰਾਹਾਂ ਅਤੇ ਮੁਖਤਿਆਰਾਂ ਦੇ **ਮਤਹਿਤ** ਹੈ।

- **ਅਧਕਾਰੀ** . . . **ਬਾਲਕ** ਹੈ – ਭਾਵ ਕਿ ਪਿਤਾ "**ਤੋਂ**" ਅਤੇ ਪਿਤਾ **ਦਾ** ਹੈ, ਪਰ ਜਿੰਨਾ ਚਿਰ ਆਤਮਾ **"ਅੰਦਰ" ਨਹੀਂ** ਆਉਂਦਾ ਉਹ ਅਜਿਹੇ ਬਾਲਕ ਹੀ ਰਹਿੰਦੇ ਹਨ ਜਿਨ੍ਹਾਂ ਨੂੰ ਪੂਰੀ ਆਤਮਿਕ ਸਮਝ ਨਹੀਂ ਹੈ ਜਿਸ ਕਰਕੇ ਉਨ੍ਹਾਂ ਨੂੰ ਸਰਬਰਾਹਾਂ ਅਤੇ ਮੁਖਤਿਆਰਾਂ ਦੇ **ਮਤਹਿਤ** ਰਹਿਣ ਦੀ ਲੋੜ ਹੈ ਅਤੇ ਮਤਹਿਤ ਹਨ – "ਬਾਲਕ-ਉਸਤਾਦ" ਵਾਂਗ ਸ਼ਰਾ ਦੇ ਅਧੀਨ (ਵੇਖੋ ਗਲਾਤੀਆਂ 3:24) ਅਤੇ ਦੂਸਰਿਆਂ ਦੇ ਅਧੀਨ।

- ਉਸ ਮਿਆਦ ਤੀਕ ਜੋ ਪਿਤਾ ਨੇ ਠਹਿਰਾਈ ਹੈ ਇਹ ਯਹੂਦੀਆਂ ਦੀ ਰੀਤ **ਬਰ-ਮਿਜ਼ਵਾਹ** ਦੀ ਗੱਲ ਹੈ ਜਿੱਥੇ ਕੋਈ ਯਹੂਦੀ ਬੱਚਾ ਜਦੋਂ ਇੱਕ ਖਾਸ ਉਮਰ **"ਤੀਕ ਪਹੁੰਚਦਾ"** ਹੈ ਤਾਂ ਅੱਗੇ ਤੋਂ ਉਸ ਨੂੰ ਬਾਲਕ ਨਹੀਂ ਸਮਝਿਆ ਜਾਂਦਾ। ਆਤਮਿਕ **"ਪੁੱਤਰ ਬਣਨਾ"** ਵੀ ਇਸੇ ਤਰ੍ਹਾਂ ਹੈ।

(3) ਤਿਵੇਂ ਅਸੀਂ ਵੀ ਜਦ **ਬਾਲਕ** ਸਾਂ ਤਦ ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿੱਚ ਸਾਂ।

- ਜਦ ਬਾਲਕ ਸਾਂ – ਭਾਵ ਕਿ ਪਰਮੇਸ਼ੁਰ **"ਵੱਲੋਂ"** ਪ੍ਰਕਿਰਤਕ ਤਰੀਕੇ ਨਾਲ ਜਨਮੇ (ਯੂਹੰਨਾ 1:13) ਪਰ ਆਤਮਿਕ ਜਨਮ ਨਹੀਂ ਹੋਇਆ ਜਿਸ ਨਾਲ ਕਿ ਉਸ ਮਹਾਨ ਅਰਥ ਬਾਰੇ ਸਮਝ ਹੁੰਦੀ।

  > **"ਤੋਂ"** ἐκ **ek** (ਏਕ) ਸ਼ੁਰੂਆਤੀ ਸ੍ਰੋਤ ਨੂੰ ਦੱਸਦਾ ਹੈ, ਜਿਸ ਤੋਂ ਜਾਂ ਜਿਸ ਵਿੱਚੋਂ ਸਾਰਾ ਕੰਮ ਜਾਂ ਕਿਰਿਆ ਸ਼ੁਰੂ ਜਾਂ ਅਰੰਭ ਹੁੰਦੀ ਹੈ।

- ਇਸ ਕਰਕੇ ਜੋ ਕੁਝ ਅਸੀਂ ਜਾਣਦੇ ਸਾਂ ਅਤੇ ਜਿਸ ਗਿਆਨ ਅਨੁਸਾਰ ਜੀਉਂਦੇ ਸਾਂ ਉਹ ਸੰਸਾਰ ਦੇ "ਤਰੀਕੇ" ਜਾਂ ਸੰਸਾਰੀ ਮੂਲ ਗੱਲਾਂ ਸਨ।

(4) ਪਰ ਜਾਂ ਸਮਾਂ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ।

- ਸਮਾਂ ਪੂਰਾ ਹੋਇਆ – ਪ੍ਰਭੂ ਦੁਆਰਾ ਆਪਣੀ ਬੁੱਧ ਅਤੇ ਸਮਝ ਨਾਲ ਪਹਿਲਾਂ ਤੋਂ ਨਿਯੁਕਤ ਉਹ ਸਮਾਂ ਜਦੋਂ ਉਹ ਸਭ ਕੁਝ ਜੋ ਸ਼ਰਾ ਅਤੇ ਮੰਦਰ ਨੇ ਮਨੁੱਖ ਨੂੰ ਚੰਗੇ ਚਾਲ-ਚਲਣ ਅਤੇ ਉਪਾਸਨਾ ਬਾਰੇ ਸਿਖਾਇਆ ਸੀ, ਅਤੇ ਜੋ ਬਲੀਆਂ ਨੇ ਮਨੁੱਖ ਨੂੰ ਇਸ ਬਾਰੇ ਸਿਖਾਇਆ ਸੀ ਕਿ ਪਾਪ ਦੀ ਮਾਫ਼ੀ ਲਈ ਕੀ ਜ਼ਰੂਰੀ ਹੈ ਪੂਰਾ ਹੋਇਆ (ਇਬਰਾਨੀਆਂ 9:22-23)।

- ਪ੍ਰਭੂ ਨੇ ਆਪਣੇ ਪੁੱਤ੍ਰ ਨੂੰ ਘੱਲਿਆ ਪਰਮੇਸ਼ੁਰ ਦੇ ਲੇਲੇ ਨੂੰ।

- ਤੀਵੀਂ ਤੋਂ ਜੰਮਿਆ – ਇੱਕ ਮਨੁੱਖ ਆਦਮ ਤੋਂ ਪਾਪ ਸੰਸਾਰ ਵਿੱਚ ਆਇਆ (ਰੋਮੀਆਂ 5:12) ਜਿਸ ਨੂੰ ਪਰਮੇਸ਼ੁਰ ਨੇ ਬਣਾਇਆ ਜਾਂ ਸਿਰਜਿਆ ਸੀ। ਅਤੇ ਕੇਵਲ ਇੱਕੋ ਇੱਕ ਸਿੱਧ ਮਨੁੱਖ ਰਾਹੀਂ – ਜਿਸ ਵਿੱਚ ਕੋਈ ਪਾਪ ਨਹੀਂ ਸੀ ਕਿਉਂਕਿ ਪਰਮੇਸ਼ੁਰ ਉਸ ਦਾ ਪਿਤਾ ਸੀ ਨਾ ਕਿ ਕੋਈ ਆਦਮੀ – ਪਾਪ ਮਾਫ਼ ਕੀਤੇ ਜਾ ਸਕੇ ਅਤੇ ਪਵਿੱਤਰ ਪਰਮੇਸ਼ੁਰ ਨੂੰ ਸੰਤੁਸ਼ਟ ਕੀਤਾ ਜਾ ਸਕਿਆ।

- ਸ਼ਰਾ ਦੇ ਮਤਹਿਤ ਜੰਮਿਆ – ਤਾਂ ਕਿ ਜੋ ਉਸ ਤੋਂ ਜਨਮ ਲੈਂਦੇ ਹਨ (ਯੂਹੰਨਾ 1:13) ਉਨ੍ਹਾਂ ਦੇ "ਸਿਰ" ਦੇ ਤੌਰ ਤੇ ਅਤੇ ਉਨ੍ਹਾਂ ਦੇ ਲਈ ਸ਼ਰਾ ਨੂੰ ਪੂਰਿਆਂ ਕਰੇ। ਅਤੇ . . .

(5) ਜੋ ਮੁੱਲ ਦੇ ਕੇ ਓਹਨਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ **ਛੁਡਾਵੇ** ਭਈ **ਲੇਪਾਲਕ ਪੁੱਤ੍ਰ ਹੋਣ ਦੀ ਪਦਵੀ** ਸਾਨੂੰ ਪਰਾਪਤ ਹੋਵੇ।

- **ਛੁਡਾਵੇ** – ਭਾਵ ਕਿ ਉਨ੍ਹਾਂ ਨੂੰ ਜੋ ਸ਼ੁਰੂ ਤੋਂ ਉਸ ਦੇ ਸਨ ਵਾਪਸ ਖਰੀਦਣ ਲਈ ਕੀਮਤ ਚੁਕਾਵੇ। ਉਹ ਜੋ ਸ਼ਰਾ ਦੇ ਮਤਹਿਤ ਹਨ ਅਤੇ ਜੋ ਸ਼ਰਾ ਦੇ ਮਤਹਿਤ ਨਹੀਂ ਹਨ।

- ਭਈ **ਲੇਪਾਲਕ ਪੁੱਤ੍ਰ ਹੋਣ ਦੀ ਪਦਵੀ ਸਾਨੂੰ** (ਪੌਲੁਸ ਗਲਾਤੀ ਗੈਰ-ਯਹੂਦੀ ਮਸੀਹੀਆਂ ਨਾਲ ਗੱਲ ਕਰ ਰਿਹਾ ਹੈ) ਪ੍ਰਾਪਤ **ਹੋਵੇ** (ਜੇਕਰ ਉਹ ਵਿਸ਼ਵਾਸ ਕਰਨ)।

  **ਅਸੀਂ ਉਸ ਦੀ ਸੰਤਾਨ ਸਾਂ** (ਉੱਪਰ 3 ਆਇਤ ਨੂੰ ਵੇਖੋ) ਪਰ **ਜਦੋਂ ਅਸੀਂ ਵਿਸ਼ਵਾਸ ਕਰ ਲੈਂਦੇ ਹਾਂ** ਤਾਂ ਅਸੀਂ ਲੇਪਾਲਕ **ਪੁੱਤ੍ਰ** ਹੋਣ ਦੀ ਪਦਵੀ ਪ੍ਰਾਪਤ ਕਰਦੇ ਹਾਂ। ਅੱਗੇ ਤੋਂ ਬਾਲਕ ਨਹੀਂ, ਸਗੋਂ ਹੁਣ ਅਸੀਂ ਵਧੀਕ **ਸਿਆਣੇ ਅਤੇ ਜ਼ਿੰਮੇਵਾਰ** ਬਣ ਜਾਂਦੇ ਹਾਂ।

  ਪਰ, ਲੇਪਾਲਕ (ਲੈ ਕੇ ਪਾਲਣ) ਦੇ ਅਰਥ ਨੂੰ ਜਿਵੇਂ ਅੱਜ ਪੱਛਮੀ ਸੱਭਿਆਚਾਰ ਵਿੱਚ ਸਮਝਿਆ ਜਾਂਦਾ ਹੈ ਪੂਰਬੀ ਸੱਭਿਆਚਾਰ ਵਿੱਚ ਇਸ ਨੂੰ ਉਸ ਤਰ੍ਹਾਂ ਸਮਝਿਆ ਨਹੀਂ ਜਾਂਦਾ ਜਿਵੇਂ ਕਿ ਬਾਈਬਲ ਦੇ ਸਮੇਂ ਦੀ ਯੂਨਾਨੀ ਭਾਸ਼ਾ ਤੋਂ ਪਤਾ ਲੱਗਦਾ ਹੈ।

  ਯੂਨਾਨੀ ਨਵੇਂ ਨੇਮ ਵਿੱਚ **ਲੇਪਾਲਕ** ਲਈ ਜੋ ਸ਼ਬਦ ਹੈ ਉਹ ਹੈ:
  **ਹੁਇਓਥੇਸੀਆ** (υἱοθεσία) ਅਤੇ ਇਹ ਸ਼ਬਦ ਇਨ੍ਹਾਂ ਦੋ ਸ਼ਬਦਾਂ ਨੂੰ ਜੋੜ ਕੇ ਬਣਦਾ ਹੈ: (υἱός - **ਪੁੱਤਰ**) ਅਤੇ (τίθημι - **ਰੱਖਣਾ**) ਦਾ ਇੱਕ ਵਿਉਤਪੰਨ।

  ਇਨ੍ਹਾਂ ਸ਼ਬਦਾਂ ਨੂੰ ਮਿਲਾ ਕੇ ਜੋ ਅਰਥ ਨਿੱਕਲਦਾ ਹੈ ਉਹ ਹੈ: **ਪੁੱਤਰ ਦੇ ਤੌਰ ਤੇ ਰੱਖਣਾ**, ਪ੍ਰਤੀਕਾਤਮਕ ਰੂਪ ਵਿੱਚ – **ਪੁੱਤਰਪਣ**।

  "**ਪੁੱਤਰ ਦੇ ਤੌਰ ਤੇ ਰੱਖਣਾ**" ਅੱਗੇ ਚੱਲ ਕੇ ਇਸ ਗੱਲ ਨੇ ਇੱਕ ਯਹੂਦੀ ਪਰੰਪਰਾ ਦਾ ਰੂਪ ਲੈ ਲਿਆ ਜਿਸ ਵਿੱਚ ਉਸ ਸਮੇਂ ਨੂੰ ਮਾਨਤਾ ਦਿੱਤੀ ਜਾਂਦੀ ਸੀ ਜਦੋਂ ਕਿਸੇ ਦਾ **ਆਪਣਾ ਬੱਚਾ ਸਿਆਣਾ (ਵੱਡਾ)** ਹੋ ਜਾਂਦਾ ਅਤੇ ਉਹ ਅੱਗੇ ਤੋਂ ਬੱਚਾ ਨਹੀਂ, **ਸਗੋਂ ਪੁੱਤਰ** ਅਖਵਾਉਂਦਾ ਸੀ। ਪੁੱਤਰ ਵਾਲੀ ਇਸ ਅਵਸਥਾ ਤੀਕ ਪਹੁੰਚਣ ਨੂੰ ਹੀ ਇੱਕ ਰੀਤ ਦੇ ਤੌਰ ਤੇ ਮਨਾਇਆ ਜਾਂਦਾ ਸੀ।

  ਉਪਰੋਕਤ ਗੱਲ ਕਰਕੇ ਮੈਂ (υἱοθεσία) ਦੇ ਲੇਪਾਲਕ ਦੇ ਰੂਪ ਵਿੱਚ ਕੀਤੇ ਗਏ ਅਨੁਵਾਦ ਉੱਤੇ ਸਵਾਲ ਖੜ੍ਹਾ ਕਰਦਾ ਹਾਂ।

  ਮੈਂ ਸੋਚਦਾ ਹਾਂ ਕਿ ਇਸ ਸ਼ਬਦ ਦਾ ਸਹੀ ਅਨੁਵਾਦ ਹੋਣਾ ਚਾਹੀਦਾ ਹੈ "**ਪੁੱਤਰ ਦੇ ਵੱਡਾ ਹੋਣ ਤੇ ਉਸ ਨੂੰ ਰੱਖਣਾ**" ਜਾਂ "**ਪੁੱਤਰ ਦੇ ਤੌਰ ਤੇ ਰੱਖਿਆ ਗਿਆ**" ਅਤੇ ਇਸ ਨੂੰ ਉਸੇ ਤਰੀਕੇ ਨਾਲ ਸਮਝਿਆ ਜਾਣਾ ਚਾਹੀਦਾ ਹੈ ਜਿਵੇਂ ਇਸਰਾਏਲੀ ਲੋਕ ਸਮਝਦੇ ਸਨ ਅਤੇ ਇਸੇ ਤੋਂ ਉਨ੍ਹਾਂ ਨੇ "ਬਰ ਮਿਜ਼ਵਾਹ" ਨਾਮਕ ਰੀਤ ਮਨਾਉਣੀ ਸ਼ੁਰੂ ਕੀਤੀ।

  ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ **"adoption" ਦਾ "ਲੇਪਾਲਕ" ਦੇ ਰੂਪ ਵਿੱਚ ਕੀਤਾ ਗਿਆ ਅਨੁਵਾਦ** ਅੱਗੇ ਚੱਲ ਕੇ ਅਸਲੀ ਯੂਨਾਨੀ ਲੇਖਾਂ ਤੋਂ ਕੀਤੇ ਗਏ ਅੰਗ੍ਰੇਜ਼ੀ ਅਨੁਵਾਦ ਵਿੱਚ ਕੀਤਾ ਗਿਆ ਅਤੇ ਇਸ ਤੋਂ ਪਤਾ ਲੱਗਦਾ ਹੈ ਕਿ ਇਸ ਸ਼ਬਦ ਦਾ ਅਨੁਵਾਦ ਕਰਦੇ ਸਮੇਂ ਮੱਧ-ਪੂਰਬੀ ਸੱਭਿਆਚਾਰ ਨੂੰ ਚੰਗੀ ਤਰ੍ਹਾਂ ਅਤੇ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ।

ਪੱਛਮੀ ਸੱਭਿਆਚਾਰ ਅਤੇ ਇੱਕ ਥੀਓਲੋਜੀਕਲ ਵਿਚਾਰ ਕਿ ਜਦੋਂ ਤਕ ਅਸੀਂ ਵਿਸ਼ਵਾਸ ਨਹੀਂ ਕਰਦੇ ਉਦੋਂ ਤਕ ਅਸੀਂ **ਪਰਮੇਸ਼ੁਰ** ਦੀ ਸੰਤਾਨ **ਨਹੀਂ** ਬਣਦੇ, ਇਸ ਨੂੰ ਇਸ ਤਰ੍ਹਾਂ ਸਮਝਦਾ ਹੈ ਕਿ "ਪੁੱਤਰ ਦੇ ਤੌਰ ਤੇ ਰੱਖਿਆ" ਦਾ ਅਰਥ ਹੈ ਕਿਸੇ ਅਜਿਹੇ ਵਿਅਕਤੀ ਨੂੰ ਜੋ ਪਰਿਵਾਰ ਦਾ ਮੈਂਬਰ **ਨਹੀਂ** ਸੀ ਉਸ ਵੱਲੋਂ ਪ੍ਰਭੂ ਉੱਤੇ ਵਿਸ਼ਵਾਸ ਕਰਨ ਤੋਂ ਬਾਅਦ ਉਸ ਨੂੰ "ਪਰਿਵਾਰ ਵਿੱਚ ਰੱਖਣਾ ਜਾਂ ਗ੍ਰਹਿਣ ਕਰਨਾ।"

ਸੋ ਮੇਰੇ ਅਨੁਸਾਰ ਇਸ ਆਇਤ ਦਾ ਜ਼ਿਆਦਾ ਸਹੀ ਅਨੁਵਾਦ ਇਹ ਹੈ:
(5) ਉਨ੍ਹਾਂ ਨੂੰ **ਛੁਡਾਵੇ** ਜੋ ਸ਼ਰਾ ਦੇ ਮਤਹਿਤ ਸਨ, ਤਾਂ ਜੋ ਅਸੀਂ **ਪੁੱਤਰਾਂ ਦੇ ਤੌਰ ਤੇ ਗ੍ਰਹਿਣ ਕੀਤੇ ਜਾਈਏ**।

ਕਿਉਂਕਿ ਅਸੀਂ **ਕਦੇ ਵੀ ਲੈ ਕੇ ਪਾਲੇ ਨਹੀਂ ਗਏ** ਇਸ ਲਈ ਅਸੀਂ **ਹਮੇਸ਼ਾ ਤੋਂ ਉਸੇ ਦੀ** ਸੰਤਾਨ ਸਾਂ – "ਉਤਾਂਹ ਤੋਂ ਜਨਮੇ" (ਯੂਹੰਨਾ 3:3 ਅਤੇ 7 ਯੂਨਾਨੀ ਦਾ ਸ਼ਾਬਦਿਕ ਅਨੁਵਾਦ) ਅਤੇ "ਪਰਮੇਸ਼ੁਰ ਤੋਂ" (ਯੂਹੰਨਾ 1:13) ਅਤੇ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ (ਅਫ਼ਸੀਆਂ 1:4-5)।

ਇਸ ਵਿਸ਼ੇ ਤੇ ਅਧਿਐਨ ਕਰਨ ਲਈ: www.treasurehisword.com ਤੇ ਜਾਓ ਅਤੇ "Teaching Notes" ਤੇ ਕਲਿੱਕ ਕਰਨ ਤੋਂ ਬਾਅਦ ਸਭ ਤੋਂ ਹੇਠਾਂ page 3 ਤੇ ਕਲਿੱਕ ਕਰੋ। ਇੱਥੇ ਤੁਹਾਨੂੰ **"adoption" (ਲੇਪਾਲਕ/ਗ੍ਰਹਿਣ ਕਰਨਾ)** ਦੇ ਵਿਸ਼ੇ ਤੇ ਨੋਟਸ ਮਿਲਣਗੇ। ਇਸ ਦੇ ਨਾਲ-ਨਾਲ **"Born From Above" (ਉਤਾਂਹ ਤੋਂ ਜਨਮੇ)** ਵਿਸ਼ੇ ਤੇ ਦਿੱਤੇ ਗਏ ਨੋਟਸ ਦਾ ਵੀ ਅਧਿਐਨ ਕਰੋ।

(6) ਅਤੇ ਤੁਸੀਂ **ਜੋ ਪੁੱਤ੍ਰ ਹੋ** ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ ਅੱਬਾ, ਅਰਥਾਤ ਹੇ ਪਿਤਾ ਪੁਕਾਰਦਾ ਹੈ।

- ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਨੇ ਉਸ ਨੂੰ ਇਹ ਕਹਿ ਕੇ ਪੁਕਾਰਿਆ: ਅੱਬਾ, ਪਿਤਾ (ਮਰਕੁਸ 14:36)

  ਅੱਬਾ, ਪਿਤਾ ਅਰਾਮੀ ਭਾਸ਼ਾ ਦਾ ਇੱਕ ਸ਼ਬਦ ਹੈ ਜਿਸ ਦਾ ਅਰਥ ਹੈ ਪਿਤਾ ਵਾਲਾ ਮੋਹ ਅਤੇ ਆਦਰ, ਅਤੇ ਮਾਤਾ-ਪਿਤਾ ਦੀ ਕੋਮਲਤਾ। ਇਵੇਂ ਲੱਗਦਾ ਹੈ ਕਿ ਇੱਥੇ ਇਸ ਸ਼ਬਦ ਨੂੰ ਪਿਤਾ ਦੀ ਇੱਛਾ ਪ੍ਰਤੀ ਯਿਸੂ ਦੀ ਸੰਪੂਰਣ ਅਧੀਨਤਾਈ ਅਤੇ ਪਿਤਾ ਦੇ ਉਸ ਕੋਮਲ ਮੋਹ ਨੂੰ ਵਿਖਾਉਣ ਲਈ ਇਸਤੇਮਾਲ ਕੀਤਾ ਗਿਆ ਹੈ ਜੋ ਯਿਸੂ ਜਾਣਦਾ ਸੀ ਕਿ ਉਸ ਦਾ ਪਿਤਾ ਉਸ ਦੇ ਪ੍ਰਤੀ ਰੱਖਦਾ ਹੈ। (ਐਡਮ ਕਲਾਰਕ ਦੀ ਕਮੈਂਟਰੀ ਵਿੱਚੋਂ)। ਪੁੱਤਰਾਂ (ਵੱਡੇ ਹੋ ਚੁੱਕੇ ਪੁੱਤਰਾਂ) ਦੇ ਤੌਰ ਤੇ ਸਾਡੇ ਅੰਦਰ ਵੀ ਆਪਣੇ ਸਵਰਗੀ ਪਿਤਾ ਲਈ ਉਹੋ ਜਜ਼ਬਾਤ ਹਨ। ਰੋਮੀਆਂ 8:15 ਵੀ ਵੇਖੋ

(7) ਸੋ ਤੂੰ ਅਗਾਹਾਂ ਨੂੰ ਗੁਲਾਮ ਨਹੀਂ ਸਗੋਂ **ਪੁੱਤ੍ਰ** ਹੈਂ ਅਤੇ ਜੇ ਪੁੱਤ੍ਰ ਹੈਂ ਤਾਂ ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ ਹੈਂ।

- ਅਗਾਹਾਂ ਨੂੰ ਗੁਲਾਮ ਨਹੀਂ ਇਸ ਕਥਨ ਤੋਂ ਇਹ ਨਾ ਸਮਝਣਾ ਕਿ ਇੱਕ ਗੁਲਾਮ ਦੇ ਤੌਰ ਤੇ ਉਹ ਪਰਿਵਾਰ ਵਿੱਚ ਜਾਂ ਪਰਿਵਾਰ ਦਾ ਹਿੱਸਾ ਨਹੀਂ ਹੈ। 4:1 ਨੂੰ ਦਿਮਾਗ ਵਿੱਚ ਰੱਖੋ . . . ਅਧਕਾਰੀ ਜਿੰਨਾ ਚਿਰ **ਬਾਲਕ** ਹੈ ਉਸ ਵਿੱਚ ਅਤੇ ਗੁਲਾਮ ਵਿੱਚ ਕੁਝ **ਭਿੰਨ ਭੇਤ** ਨਹੀਂ ਭਾਵੇਂ **ਉਹ ਸਭ ਦਾ ਮਾਲਕ ਹੈ**।

- "ਬਾਲਕ" ਹੁੰਦੇ ਹੋਏ ਅਸੀਂ ਹਰ ਚੀਜ਼ ਦੇ ਮਾਲਕ ਤਾਂ ਹਾਂ ਪਰ ਪੁੱਤਰ ਦੇ ਜੋ ਖਾਸ ਅਧਿਕਾਰ ਹੁੰਦੇ ਹਨ ਉਨ੍ਹਾਂ ਅਧਿਕਾਰਾਂ ਦੀ ਜ਼ਿੰਮੇਵਾਰੀ ਅਤੇ ਅਨੁਮਤੀ ਹਾਲੇ ਸਾਨੂੰ ਨਹੀਂ ਦਿੱਤੀ ਜਾਂਦੀ। ਪਰ ਇੱਕ "ਪੁੱਤਰ" ਦੇ ਤੌਰ ਤੇ ਸਾਨੂੰ ਜ਼ਿੰਮੇਵਾਰੀਆਂ ਅਤੇ ਅਨੁਮਤੀ ਹਾਸਲ ਹੁੰਦੀ ਹੈ। ਸਾਨੂੰ ਵੀ ਉਹੋ ਕਰਨਾ ਚਾਹੀਦਾ ਹੈ ਜੋ ਪੌਲੁਸ ਨੇ ਕੀਤਾ:

  ਜਦ **ਮੈਂ ਨਿਆਣਾ ਸਾਂ** ਤਦ ਨਿਆਣੇ ਵਾਂਙੁ ਬੋਲਦਾ ,ਨਿਆਣੇ ਵਾਂਙੁ ਸਮਝਦਾ ਅਤੇ ਨਿਆਣੇ ਵਾਂਙੁ ਜਾਚਦਾ ਸਾਂ। ਹੁਣ **ਮੈਂ ਸਿਆਣਾ ਜੋ ਹੋਇਆ** ਤਾਂ ਮੈਂ ਨਿਆਣਪੁਣੇ ਦੀਆਂ ਗੱਲਾਂ ਛੱਡ ਦਿੱਤੀਆਂ ਹਨ। 1 ਕੁਰਿੰਥੀਆਂ 13:11

(8) ਪਰ ਉਸ ਵੇਲੇ **ਪਰਮੇਸ਼ੁਰ ਤੋਂ ਅਣਜਾਣ ਜੋ ਸਾਓ** ਤੁਸੀਂ ਓਹਨਾਂ ਦੇ **ਬੰਧਨ ਵਿੱਚ** ਸਾਓ ਜਿਹੜੇ ਅਸਲ ਵਿੱਚ ਈਸ਼ੁਰ ਨਹੀਂ ਸਨ।

- ਇਹ ਆਇਤ ਇੱਕ ਵਾਰ ਫਿਰ ਇਸ **ਸਚਾਈ** ਨੂੰ ਪੇਸ਼ ਕਰਦੀ ਹੈ ਕਿ ਤੁਸੀਂ **ਉਸ ਵੇਲੇ ਪਰਮੇਸ਼ੁਰ ਤੋਂ ਅਣਜਾਣ ਸਾਓ** ਪਰ **ਤਾਂ ਵੀ ਉਸ ਦੀ ਸੰਤਾਨ ਸਾਓ**, ਅਸੀਂ **ਬੰਧਨ ਵਿੱਚ** ਸਾਂ ਅਤੇ ਗੁਲਾਮ ਸਾਂ = 4:1 ਦੇ ਅਨੁਸਾਰ ਬਾਲਕ।

(9) ਪਰ ਹੁਣ ਜੋ ਤੁਸੀਂ ਪਰਮੇਸ਼ੁਰ ਨੂੰ ਜਾਣ ਗਏ ਹੋ ਸਗੋਂ ਪਰਮੇਸ਼ੁਰ ਨੇ ਤੁਹਾਨੂੰ ਜਾਣ ਲਿਆ ਤਾਂ **ਕਿੱਕੁਰ ਤੁਸੀਂ ਫੇਰ** ਉਨ੍ਹਾਂ **ਨਿਰਬਲ** ਅਤੇ **ਨਿਕੰਮੀਆਂ** ਮੂਲ ਗੱਲਾਂ ਦੀ ਵੱਲ **ਮੁੜ ਜਾਂਦੇ ਹੋ** ਜਿਨ੍ਹਾਂ ਦੇ ਬੰਧਨ ਵਿੱਚ ਤੁਸੀਂ ਨਵੇਂ ਸਿਰਿਓਂ ਆਇਆ ਚਾਹੁੰਦੇ ਹੋ?

- ਪਰਮੇਸ਼ੁਰ ਨੂੰ ਜਾਣ ਗਏ ਹੋ  ਅਸੀਂ ਪਰਮੇਸ਼ੁਰ ਨੂੰ ਉਦੋਂ ਜਾਣਿਆ ਜਦੋਂ ਅਸੀਂ **ਨਵਾਂ ਜਨਮ** ਪਾਇਆ ਅਤੇ ਪਵਿੱਤਰ ਆਤਮਾ ਨੇ ਸਾਡੇ ਅੰਦਰ ਆਣ ਕੇ ਸਾਨੂੰ ਪਵਿੱਤਰ ਗੱਲਾਂ ਦੀ ਸਮਝ ਦਿੱਤੀ। ਇਹੋ **ਪੁੱਤਰਪਣ** ਹੈ।

- ਸਗੋਂ ਪਰਮੇਸ਼ੁਰ ਨੇ ਤੁਹਾਨੂੰ ਜਾਣ ਲਿਆ  ਪੌਲੁਸ ਕਹਿ ਰਿਹਾ ਹੈ ਕਿ ਸ਼ਾਇਦ ਤੁਸੀਂ ਆਪਣੇ ਕੰਮਾਂ ਕਰਕੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਪਰ ਉਹ ਤੁਹਾਨੂੰ ਜ਼ਰੂਰ ਜਾਣਦਾ ਹੈ।

- **ਕਿੱਕੁਰ ਤੁਸੀਂ ਫੇਰ . . . ਮੁੜ ਜਾਂਦੇ ਹੋ**  ਇੱਕ ਵਾਰ ਪੁੱਤਰਪਣ ਦਾ ਆਤਮਾ ਅਤੇ ਇਸ ਦੇ ਨਾਲ ਮਿਲਣ ਵਾਲੀ ਸਾਰੀ ਬੁੱਧ ਅਤੇ ਸਮਝ ਨੂੰ ਪ੍ਰਾਪਤ ਕਰਨ ਤੋਂ ਬਾਅਦ ਉਹ ਹੁਣ ਵਾਪਸ ਫੇਰ ਬੱਚਿਆਂ ਵਰਗੀ ਜ਼ਿੰਦਗੀ ਜੀਉਣ ਵੱਲ ਮੁੜ ਰਹੇ ਸਨ, ਜਿਨ੍ਹਾਂ ਨੂੰ ਇਹ ਦੱਸਣਾ ਪੈਂਦਾ ਹੈ ਕਿ "ਇਹ ਕਰਨਾ ਹੈ" ਅਤੇ "ਇਹ ਨਹੀਂ ਕਰਨਾ ਹੈ।"

- ਉਹ "ਸ਼ਰਾ" ਦੀ ਅਗਵਾਈ ਵਿੱਚ ਚੱਲ ਰਹੇ ਸਨ, ਨਾ ਕਿ "ਆਤਮਾ ਦੀ ਅਗਵਾਈ ਵਿੱਚ।"
  ਰੋਮੀਆਂ 8:14-16 ਜਿੰਨੇ ਪਰਮੇਸ਼ੁਰ ਦੇ **ਆਤਮਾ ਦੀ ਅਗਵਾਈ ਨਾਲ ਚੱਲਦੇ** ਹਨ ਓਹੀ **ਪਰਮੇਸ਼ੁਰ ਦੇ ਪੁੱਤ੍ਰ ਹਨ**।
  15ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤ੍ਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ ਅੱਬਾ, ਹੇ ਪਿਤਾ, ਪੁਕਾਰਦੇ ਹਾਂ। ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ।

  ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ   ਪਰ ਉਹ ਤਾਂ ਪ੍ਰੇਮ ਅਤੇ ਅਜ਼ਾਦੀ ਦੇ ਆਤਮਾ ਨੂੰ ਛੱਡ ਕੇ ਵਾਪਸ ਇਸੇ ਵੱਲ ਮੁੜ ਰਹੇ ਸਨ।

(10) ਤੁਸੀਂ ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰਿਹਾਂ ਨੂੰ ਮੰਨਦੇ ਹੋ!

- **ਨਿਰਬਲ** ਅਤੇ **ਨਿਕੰਮੀਆਂ** ਮੂਲ ਗੱਲਾਂ

- ਤੁਹਾਡੇ ਲਈ ਮੈਂ ਡਰਦਾ ਹਾਂ ਭਈ ਕਿਤੇ ਐਉਂ ਨਾ ਹੋਵੇ ਜੋ ਮੈਂ ਤੁਹਾਡੇ ਲਈ ਐਵੇਂ ਹੀ ਮਿਹਨਤ ਕੀਤੀ ਹੋਵੇ।

(11) ਤੁਹਾਡੇ ਲਈ ਮੈਂ ਡਰਦਾ ਹਾਂ ਭਈ ਕਿਤੇ ਐਉਂ ਨਾ ਹੋਵੇ ਜੋ ਮੈਂ ਤੁਹਾਡੇ ਲਈ ਐਵੇਂ ਮਿਹਨਤ ਕੀਤੀ ਹੋਵੇ।

- ਪੌਲੁਸ ਇਹ ਸੋਚ ਕੇ ਫਿਕਰਮੰਦ ਹੈ ਕਿ ਸ਼ਾਇਦ ਉਹ ਪਰਮੇਸ਼ੁਰ ਦੀ ਸੰਤਾਨ ਹੀ ਨਹੀਂ ਹਨ।
  ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ। ਮੱਤੀ 7:16-20

12 ਹੇ [a]ਭਰਾਵੋ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ *ਮੇਰੇ* ਜਿਹੇ [b]ਬਣੋ ਇਸ ਲਈ ਜੋ ਮੈਂ ਵੀ ਤੁਹਾਡੇ *ਜਿਹਾ ਬਣਿਆ* ਹਾਂ।
ਤੁਸੀਂ ਮੇਰੇ ਨਾਲ ਬੁਰੇ ਨਹੀਂ ਵਰਤੇ,

13 ਪਰ ਤੁਸੀਂ ਜਾਣਦੇ ਹੋ ਜੋ ਮੈਂ [1]ਸਰੀਰ ਦੀ ਮਾਂਦਗੀ ਕਰਕੇ [2]ਪਹਿਲੀ ਵਾਰ ਤੁਹਾਨੂੰ ਖੁਸ਼ ਖਬਰੀ ਸੁਣਾਈ।

14 ਅਤੇ ਉਹ ਜੋ ਮੇਰੇ [1]ਸਰੀਰ ਵਿੱਚ ਤੁਹਾਡੇ ਲਈ ਇੱਕ [2]ਪਰਤਾਵਾ ਸੀ ਉਹ ਨੂੰ [a]ਤੁਸਾਂ ਤੁੱਛ ਨਾ ਜਾਣਿਆ, ਨਾ ਉਸ ਤੋਂ [3]ਸੂਗ ਕੀਤੀ
ਪਰ ਮੈਨੂੰ ਪਰਮੇਸ਼ੁਰ ਦੇ ਦੂਤ ਦੀ ਨਿਆਈਂ ਸਗੋਂ [b]ਮਸੀਹ ਯਿਸੂ ਦੀ *ਨਿਆਈਂ* ਕਬੂਲ ਕੀਤਾ।

15 ਸੋ ਹੁਣ ਤੁਹਾਡਾ ਧੰਨਵਾਦ ਕਿੱਥੇ ਗਿਆ? ਕਿਉਂ ਜੋ ਮੈਂ ਤੁਹਾਡੇ ਲਈ ਸਾਖੀ ਭਰਦਾ ਹਾਂ ਭਈ ਜੇ ਹੋ ਸੱਕਦਾ ਤਾਂ ਤੁਸੀਂ ਆਪਣੀਆਂ
ਅੱਖਾਂ ਵੀ ਕੱਢ ਕੇ ਮੈਨੂੰ ਦੇ ਦਿੰਦੇ !

16 ਫੇਰ ਕੀ ਮੈਂ ਤੁਹਾਨੂੰ ਸੱਚੀ ਗੱਲ [1]ਆਖਣ [a]ਨਾਲ ਤੁਹਾਡਾ ਵੈਰੀ ਬਣ ਗਿਆ?

17 ਓਹ ਤੁਹਾਨੂੰ ਫੁਸਲਾਉਂਦੇ ਤਾਂ ਬਹੁਤ ਹਨ ਪਰ ਭਲੀ ਨੀਤ ਨਾਲ ਨਹੀਂ ਸਗੋਂ ਓਹ ਤੁਹਾਨੂੰ ਛੇਕਿਆ ਚਾਹੁੰਦੇ ਹਨ ਭਈ ਤੁਸੀਂ ਵੀ
ਓਹਨਾਂ ਨੂੰ ਫੁਸਲਾਓ।

19 ਪਰ ਭਲਾ ਇਹ ਹੈ ਜੋ [1]ਭਲੀ ਗੱਲੇ ਸਦਾ ਤੁਹਾਨੂੰ ਫੁਸਲਾਉਣ ਅਤੇ [a]ਨਾ ਕੇਵਲ ਉਸ ਵੇਲੇ ਜਾਂ ਮੈਂ ਤੁਹਾਡੇ ਕੋਲ ਹੋਵਾਂ।

19 [a]ਹੇ ਮੇਰੇ ਬੱਚਿਓ, ਜਿੰਨਾ ਚਿਰ ਤੁਹਾਡੇ ਵਿੱਚ [b]ਮਸੀਹ ਸੂਰਤ ਨਾ ਫੜ ਲੈ [c]ਮੈਨੂੰ ਤੁਹਾਡੇ ਲਈ ਫੇਰ ਪੀੜਾਂ ਲੱਗੀਆਂ ਹੋਈਆਂ ਹਨ।

- 20 ਅਤੇ ਮੈਂ ਚਾਹੁੰਦਾ ਸਾਂ ਜੋ ਹੁਣ ਤੁਹਾਡੇ ਕੋਲ ਹੁੰਦਾ ਅਤੇ ਹੋਰ ਤਰਾਂ ਬੋਲਦਾ ਕਿਉਂ ਜੋ ਤੁਹਾਡੀ ਵੱਲੋਂ [a]ਮੈਂ ਦੁਬਧਾ ਵਿੱਚ ਪਿਆ
ਹੋਇਆ ਹਾਂ।